ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2559 | 19 August, 2026 Wednesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

# ਟਰਾਂਸਪੋਰਟ ਮਾਫੀਆ 'ਤੇ ਸ਼ਿਕੰਜਾ ਕੱਸਣ ਲਈ ਪੰਜਾਬ ਤੋਂ ਦਿੱਲੀ ਹਵਾਈ ਅੱਡੇ ਲਈ 15 ਪ੍ਰੀਮੀਅਮ ਬੱਸਾਂ ਸ਼ੁਰੂ

**ਚੰਡੀਗੜ੍ਹ ਸਾਂਝੀ ਸੋਚ ਬਿਊਰੋ**

ਪੇਂਡੂ ਖੇਤਰਾਂ ਵਿੱਚ ਜਨਤਕ ਆਵਾਜਾਈ ਦੀ ਪਹੁੰਚ ਨੂੰ ਬਿਹਤਰ ਬਣਾਉਣ ਅਤੇ ਵਿਸਤਾਰ ਕਰਨ ਲਈ, ਪੰਜਾਬ ਦੇ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਐਲਾਨ ਕੀਤਾ ਕਿ ਇਸ ਸਾਲ ਸਤੰਬਰ ਦੇ ਅੱਧ ਤੱਕ 100 ਵਿਸ਼ਵ ਪੱਧਰੀ 'ਪੀ.ਆਰ.ਟੀ.ਸੀ. ਜੂਨੀਅਰ' ਬੱਸਾਂ ਅਧਿਕਾਰਤ ਤੌਰ 'ਤੇ ਪੀ.ਆਰ.ਟੀ.ਸੀ. (ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ) ਦੇ ਬੇੜੇ ਵਿੱਚ ਸ਼ਾਮਲ ਹੋ ਜਾਣਗੀਆਂ। ਇਹ ਘੋਸ਼ਣਾ ਚੱਲ ਰਹੇ ਬੁਨਿਆਦੀ ਢਾਂਚੇ ਦੇ ਅਪਗ੍ਰੇਡੇਸ਼ਨ ਅਤੇ ਸੇਵਾ ਵਿਸਤਾਰ ਦਾ ਮੁਲਾਂਕਣ ਕਰਨ ਲਈ ਪੰਜਾਬ ਦੇ ਟਰਾਂਸਪੋਰਟ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਕੀਤੀ ਗਈ ਇੱਕ ਵਿਆਪਕ ਸਮੀਖਿਆ ਮੀਟਿੰਗ ਤੋਂ ਬਾਅਦ ਕੀਤੀ ਗਈ। ਟਰਾਂਸਪੋਰਟ ਮੰਤਰੀ ਨੇ ਖੁਲਾਸਾ ਕੀਤਾ ਕਿ ਇਹ ਪੂਰੀ ਤਰ੍ਹਾਂ ਨਾਲ ਬਣੀਆਂ ਮਿਡੀ ਬੱਸਾਂ ਆਈਸ਼ਰ ਦੁਆਰਾ ਤਿਆਰ ਅਤੇ ਡਿਲੀਵਰ ਕੀਤੀਆਂ ਜਾ ਰਹੀਆਂ ਹਨ। ਉੱਚ-ਪੱਧਰੀ ਸਮੀਖਿਆ ਮੀਟਿੰਗ ਦੌਰਾਨ, ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਟਰਾਂਸਪੋਰਟ ਵਿਭਾਗ ਨੂੰ ਵਿਸ਼ੇਸ਼ ਤੌਰ 'ਤੇ ਜਨਤਕ ਆਵਾਜਾਈ ਸੇਵਾਵਾਂ ਦੀ ਗੁਣਵੱਤਾ ਨੂੰ ਹੋਰ ਉੱਚਾ ਚੁੱਕਣ ਦੇ ਉਦੇਸ਼ ਨਾਲ ਨਵੀਨਤਾਕਾਰੀ ਵਿਚਾਰ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪੀ.ਆਰ.ਟੀ.ਸੀ. ਅਤੇ ਪਨਬੱਸ ਦੋਵਾਂ ਦੀ ਲੰਬੇ ਸਮੇਂ ਦੀ ਵਿੱਤੀ ਸਥਿਰਤਾ ਅਤੇ ਸੰਚਾਲਨ ਮਜ਼ਬੂਤੀ ਨੂੰ ਯਕੀਨੀ ਬਣਾਉਣ ਲਈ ਆਮਦਨ ਦੇ ਸਾਧਨਾਂ ਨੂੰ ਵਧਾਉਣ 'ਤੇ ਵੀ ਜ਼ੋਰ ਦਿੱਤਾ। ਜਨਤਕ ਆਵਾਜਾਈ ਨੂੰ ਨਵਾਂ ਰੂਪ ਦੇਣ ਲਈ ਰਾਜ ਸਰਕਾਰ ਦੇ ਯਤਨਾਂ ਦਾ ਜ਼ਿਕਰ ਕਰਦਿਆਂ, ਉਨ੍ਹਾਂ ਨੇ ਐਲਾਨ ਕੀਤਾ ਕਿ ਰਾਜ ਦੇ ਬੇੜੇ ਵਿੱਚ 1,279 ਨਵੀਆਂ ਬੱਸਾਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ, "ਇਸ ਨਾਲ ਸਰਕਾਰੀ ਬੱਸਾਂ ਦੀ ਗਿਣਤੀ 2,267 ਤੋਂ ਵਧ ਕੇ 3,546 ਹੋ ਜਾਵੇਗੀ, ਜੋ 20 ਸਾਲਾਂ ਵਿੱਚ ਸਭ ਤੋਂ ਵੱਡਾ ਵਾਧਾ ਹੈ ਅਤੇ ਪੰਜਾਬ ਨੂੰ ਦੇਸ਼ ਦਾ ਮੋਹਰੀ ਰਾਜ ਬਣਨ ਦੀ ਦਿਸ਼ਾ ਵਿੱਚ ਲੈ ਜਾਵੇਗੀ।" ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਪ੍ਰਵਾਸੀ ਭਾਰਤੀਆਂ, ਅੰਤਰਰਾਸ਼ਟਰੀ ਯਾਤਰੀਆਂ ਅਤੇ ਆਮ ਯਾਤਰੀਆਂ ਲਈ ਸੰਪਰਕ ਨੂੰ ਵੀ ਮਜ਼ਬੂਤ ਕਰ ਰਹੀ ਹੈ। ਉਨ੍ਹਾਂ ਕਿਹਾ, "ਇਸ ਦੇ ਹਿੱਸੇ ਵਜੋਂ, ਅਸੀਂ ਜਲੰਧਰ ਅਤੇ ਲੁਧਿਆਣਾ ਤੋਂ ਦਿੱਲੀ ਏਅਰਪੋਰਟ ਲਈ ਵੋਲਵੋ ਕੋਚਾਂ ਸਮੇਤ 15 ਪ੍ਰੀਮੀਅਮ ਏਅਰਪੋਰਟ ਬੱਸਾਂ ਚਲਾਈਆਂ ਹਨ। ਇਸ ਨੇ ਟਰਾਂਸਪੋਰਟ ਮਾਫੀਆ ਦਾ ਸ਼ਿਕੰਜਾ ਤੋੜ ਦਿੱਤਾ ਹੈ ਅਤੇ ਸਾਰਿਆਂ ਲਈ ਯਾਤਰਾ ਨੂੰ ਆਸਾਨ ਬਣਾ ਦਿੱਤਾ ਹੈ।" ਸਮੀਖਿਆ ਮੀਟਿੰਗ ਵਿੱਚ ਟਰਾਂਸਪੋਰਟ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਸਕੱਤਰ ਟਰਾਂਸਪੋਰਟ ਵਰੁਣ ਰੂਜਮ, ਮੈਨੇਜਿੰਗ ਡਾਇਰੈਕਟਰ ਪਨਬੱਸ ਰਾਜੀਵ ਕੁਮਾਰ ਗੁਪਤਾ, ਮੈਨੇਜਿੰਗ ਡਾਇਰੈਕਟਰ ਪੀ.ਆਰ.ਟੀ.ਸੀ. ਮਨੀਸ਼ਾ ਰਾਣਾ, ਵਧੀਕ ਮੈਨੇਜਿੰਗ ਡਾਇਰੈਕਟਰ ਪੀ.ਆਰ.ਟੀ.ਸੀ. ਨਵਦੀਪ ਕੁਮਾਰ ਅਤੇ ਜਨਰਲ ਮੈਨੇਜਰ ਪੀ.ਆਰ.ਟੀ.ਸੀ. ਚੰਡੀਗੜ੍ਹ ਅਮਨਵੀਰ ਟਿਵਾਣਾ ਸ਼ਾਮਲ ਸਨ।

# ਪੈਟਰੋਲ ਦਾ ਲੰਗਰ ਲਵਾਉਣ ਵਾਲੇ ਰਾਜਾ ਨੂੰ ਪੁਲਸ ਨੇ ਲਿਆ ਹਿਰਾਸਤ ਵਿਚ!

**ਚੰਡੀਗੜ੍ਹ ਸਾਂਝੀ ਸੋਚ ਬਿਊਰੋ**

ਚੰਡੀਗੜ੍ਹ ਦੇ ਸੈਕਟਰ-10 ਵਿਚ ਉਸ ਵੇਲੇ ਅਜੀਬ ਸਥਿਤੀ ਬਣ ਗਈ ਜਦੋਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਭਾਰੀ ਮੀਂਹ ਦੇ ਬਾਵਜੂਦ ਸਿਰਫ਼ ਇਕ ਉਮੀਦ ਵਿਚ ਕਤਾਰਾਂ ਵਿਚ ਖੜ੍ਹੇ ਰਹੇ। ਉਮੀਦ ਸੀ ਮੁਫ਼ਤ ਵਿਚ ਪੈਟਰੋਲ ਮਿਲਣ ਦੀ। ਪਰ ਘੰਟਿਆਂ ਇੰਤਜ਼ਾਰ ਤੋਂ ਬਾਅਦ ਵੀ ਜਦੋਂ ਗੱਡੀਆਂ ਦੀਆਂ ਟੈਂਕੀਆਂ ਖਾਲੀ ਹੀ ਰਹੀਆਂ ਤਾਂ ਲੋਕਾਂ ਦੇ ਚਿਹਰਿਆਂ 'ਤੇ ਨਿਰਾਸ਼ਾ ਸਾਫ਼ ਨਜ਼ਰ ਆਈ।

ਅਸਲ ਵਿਚ, ਅੰਮ੍ਰਿਤਸਰ ਦੇ ਰਹਿਣ ਵਾਲੇ ਰਾਜਾ ਨਾਮਕ ਇਕ ਵਿਅਕਤੀ ਨੇ ਐਲਾਨ ਕੀਤਾ ਸੀ ਕਿ ਉਹ ਚੰਡੀਗੜ੍ਹ ਵਿਚ ਮੁਫ਼ਤ ਪੈਟਰੋਲ ਦਾ ਲੰਗਰ ਲਗਾਉਣਗੇ। ਇਸ ਯੋਜਨਾ ਤਹਿਤ ਦੋ-ਪਹੀਆ ਚਾਲਕਾਂ ਨੂੰ 300 ਅਤੇ ਚਾਰ-ਪਹੀਆ ਚਾਲਕਾਂ ਨੂੰ 1000 ਰੁਪਏ ਦਾ ਮੁਫ਼ਤ ਪੈਟਰੋਲ ਭਰਵਾਉਣ ਦਾ ਦਾਅਵਾ ਕੀਤਾ ਗਿਆ ਸੀ। ਜਿਵੇਂ ਹੀ ਇਹ ਖਬਰ ਫੈਲੀ ਸੈਕਟਰ-10 ਵਿਚ ਸਥਿਤ ਪੈਟਰੋਲ ਪੰਪ ਦੇ ਬਾਹਰ ਲੋਕਾਂ ਦਾ ਹੁਜੂਮ ਉਮੜ ਪਿਆ। ਲੋਕ ਆਪਣੇ ਵਾਹਨਾਂ ਸਮੇਤ ਲੰਮੀਆਂ-ਲੰਮੀਆਂ ਕਤਾਰਾਂ ਵਿਚ ਲੱਗ ਗਏ।

**ਮੀਂਹ ਵੀ ਨਾ ਰੋਕ ਸਕਿਆ ਭੀੜ, ਆਯੋਜਕ ਨੇ ਖਿੱਚੇ ਹੱਥ**

ਮੁਫ਼ਤ ਪੈਟਰੋਲ ਪਾਉਣ ਦੀ ਚਾਹਤ ਵਿਚ ਲੋਕ ਤੇਜ਼ ਮੀਂਹ ਵਿਚ ਵੀ ਡਟੇ ਰਹੇ। ਪਰ ਜਦੋਂ ਭੀੜ ਬੇਕਾਬੂ ਹੋਣ ਲੱਗੀ ਅਤੇ ਅਵਿਵਸਥਾ ਫੈਲਣ ਲੱਗੀ ਤਾਂ ਲੰਗਰ ਦਾ ਆਯੋਜਨ ਨਾ ਹੋ ਸਕਿਆ। ਆਯੋਜਕ ਰਾਜਾ ਨੇ ਇਸਦੇ ਪਿੱਛੇ ਮਾੜੇ ਮੌਸਮ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿਚ ਭਾਰੀ ਮੀਂਹ ਪੈ ਰਿਹਾ ਹੈ ਅਤੇ ਉਹ ਨਹੀਂ ਚਾਹੁੰਦੇ ਕਿ ਇੰਨੀ ਠੰਡ ਅਤੇ ਪਾਣੀ ਵਿਚ ਲੋਕ ਭਿੱਜਣ, ਇਸ ਲਈ ਇਸ ਪ੍ਰੋਗਰਾਮ ਨੂੰ ਫਿਲਹਾਲ ਸ਼ੁੱਕਰਵਾਰ ਤੱਕ ਮੁਲਤਵੀ ਕੀਤਾ ਜਾ ਰਿਹਾ ਹੈ। ਹਾਲਾਂਕਿ, ਮੁਫ਼ਤ ਪੈਟਰੋਲ ਮਿਲਣ ਦਾ ਦਾਅਵਾ ਸੁਣ ਕੇ ਦੂਰ-ਦੂਰ ਤੋਂ ਪਹੁੰਚੇ ਲੋਕਾਂ ਲਈ ਇਹ ਸਦਮਾ ਘੱਟ ਨਹੀਂ ਸੀ। ਘੰਟਿਆਂ ਕਤਾਰ ਵਿਚ ਲੱਗਣ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਲੰਗਰ ਮੁਲਤਵੀ ਹੋ ਚੁੱਕਾ ਹੈ ਤਾਂ ਉਹ ਬਹੁਤ ਨਿਰਾਸ਼ ਹੋ ਕੇ ਖਾਲੀ ਹੱਥ ਵਾਪਸ ਮੁੜਨ ਲਈ ਮਜਬੂਰ ਹੋਏ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce

Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511




RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010

ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots

Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260


THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137



Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....

Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS



**Jaswant S.Pannu**
Office: 209-900-1994
Cell: 408-340-0157
jaswantpannu@yahoo.com



**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

## 3230 MITCHELL ROAD, STE, C, CERES, CA 95307





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।

**ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ**

**ਇੱਕ ਵਾਰ Visit ਜ਼ਰੂਰ ਕਰੋ।**





Ria MONEY TRANSFER

**INDIA**
**ਪੈਸੇ ਭੇਜਣ ਲਈ**
**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**





**Contact Number**

# +1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਮਨੁੱਖੀ ਸ਼ਖ਼ਸੀਅਤ ਵਿੱਚ ਹਾਰਮੋਨਾਂ ਦੀ ਮਹੱਤਤਾ




ਮਨੁੱਖੀ ਸ਼ਖ਼ਸੀਅਤ ਕੁਦਰਤ ਦੀਆਂ ਸਭ ਤੋਂ ਗੁੰਝਲਦਾਰ ਰਚਨਾਵਾਂ ਵਿੱਚੋਂ ਇੱਕ ਹੈ। ਕਿਸੇ ਵਿਅਕਤੀ ਨੂੰ ਅਸੀਂ ਸ਼ਾਂਤ, ਗੁੱਸੇਵਾਲਾ, ਖੁਸ਼ਮਿਜ਼ਾਜ਼, ਸੰਵੇਦਨਸ਼ੀਲ, ਆਤਮਵਿਸ਼ਵਾਸੀ , ਚਿੰਤਤ ਜਾਂ ਉਤਸ਼ਾਹੀ ਕਹਿ ਦਿੰਦੇ ਹਾਂ। ਪਰ ਕਿਸੇ ਮਨੁੱਖ ਦਾ ਸੁਭਾਅ ਸਿਰਫ਼ ਉਸਦੇ ਬਾਹਰੀ ਵਿਉਹਾਰ ਨਾਲ ਨਹੀਂ ਬਣਦਾ। ਉਸ ਦੇ ਪਿੱਛੇ ਜੀਨ, ਦਿਮਾਗ, ਹਾਰਮੋਨ, ਪਰਿਵਾਰ, ਸਿੱਖਿਆ, ਸੱਭਿਆਚਾਰ, ਰਿਸ਼ਤੇ, ਜੀਵਨ ਦੇ ਤਜ਼ਰਬੇ, ਆਦਤਾਂ, ਮੁੱਲ ਅਤੇ ਉਸਦੇ ਆਪਣੇ ਫ਼ੈਸਲੇ ਸਾਰੇ ਮਿਲ ਕੇ ਕੰਮ ਕਰਦੇ ਹਨ।

ਇਸ ਪੂਰੇ ਤੰਤਰ ਵਿੱਚ ਹਾਰਮੋਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਹਾਰਮੋਨ ਸਰੀਰ ਦੀਆਂ ਅੰਦਰੂਨੀ ਗ੍ਰੰਥੀਆਂ ਵੱਲੋਂ ਬਣਾਏ ਜਾਣ ਵਾਲੇ ਰਸਾਇਣਕ ਸੰਦੇਸ਼ਵਾਹਕ ਹਨ, ਜੋ ਖੂਨ ਰਾਹੀਂ ਸਰੀਰ ਦੇ ਵੱਖ-ਵੱਖ ਅੰਗਾਂ ਤੱਕ ਪਹੁੰਚ ਕੇ ਉਨ੍ਹਾਂ ਦੇ ਕੰਮ ਨੂੰ ਪ੍ਰਭਾਵਿਤ ਕਰਦੇ ਹਨ। ਵਾਧਾ, ਮੈਟਾਬੋਲਿਜ਼ਮ, ਨੀਂਦ, ਤਣਾਅ, ਪ੍ਰਜਨਨ, ਊਰਜਾ, ਭੁੱਖ, ਭਾਵਨਾਵਾਂ ਅਤੇ ਦਿਮਾਗੀ ਕਾਰਜਾਂ ਸਮੇਤ ਸਰੀਰ ਦੀਆਂ ਅਨੇਕ ਪ੍ਰਕਿਰਿਆਵਾਂ ਵਿੱਚ ਹਾਰਮੋਨਾਂ ਦੀ ਭੂਮਿਕਾ ਹੁੰਦੀ ਹੈ।

ਪਰ ਇੱਥੇ ਇੱਕ ਗੱਲ ਸਪੱਸ਼ਟ ਸਮਝਣੀ ਜ਼ਰੂਰੀ ਹੈ ਹਾਰਮੋਨ ਸਾਡੀ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਨਿਰਧਾਰਤ ਨਹੀਂ ਕਰਦੇ। ਉਹ ਸਾਡੀ ਮਾਨਸਿਕ ਸਥਿਤੀ, ਊਰਜਾ, ਪ੍ਰੇਰਣਾ, ਭਾਵਨਾਤਮਕ ਪ੍ਰਤੀਕਿਰਿਆ ਅਤੇ ਵਿਉਹਾਰ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਮਨੁੱਖੀ ਚਰਿੱਤਰ ਇਸ ਤੋਂ ਕਿਤੇ ਵੱਡੀ ਅਤੇ ਗੁੰਝਲਦਾਰ ਪ੍ਰਕਿਰਿਆ ਹੈ।

ਮਨੁੱਖੀ ਸਰੀਰ ਵਿੱਚ ਦਿਮਾਗ, ਨਰਵਸ ਸਿਸਟਮ ਅਤੇ ਐਂਡੋਕ੍ਰਾਈਨ ਸਿਸਟਮ ਲਗਾਤਾਰ ਇੱਕ-ਦੂਜੇ ਨਾਲ ਸੰਚਾਰ ਕਰਦੇ ਹਨ। ਜਦੋਂ ਸਾਨੂੰ ਖ਼ਤਰਾ ਮਹਿਸੂਸ ਹੁੰਦਾ ਹੈ, ਅਸੀਂ ਕਿਸੇ ਚੁਣੌਤੀ ਦਾ ਸਾਹਮਣਾ ਕਰਦੇ ਹਾਂ, ਖੁਸ਼ੀ ਮਹਿਸੂਸ ਕਰਦੇ ਹਾਂ, ਨੀਂਦ ਲਈ ਤਿਆਰ ਹੁੰਦੇ ਹਾਂ ਜਾਂ ਕੋਈ ਟੀਚਾ ਹਾਸਲ ਕਰਨ ਲਈ ਪ੍ਰੇਰਿਤ ਹੁੰਦੇ ਹਾਂ, ਤਾਂ ਸਰੀਰ ਵਿੱਚ ਵੱਖ-ਵੱਖ ਹਾਰਮੋਨਲ ਪ੍ਰਕਿਰਿਆਵਾਂ ਸਰਗਰਮ ਹੋ ਜਾਂਦੀਆਂ ਹਨ।

ਇਸੇ ਕਰਕੇ ਕਈ ਵਾਰ ਕਿਸੇ ਵਿਅਕਤੀ ਦੀ ਮਾਨਸਿਕ ਸਥਿਤੀ, ਧੀਰਜ, ਧਿਆਨ, ਊਰਜਾ ਜਾਂ ਭਾਵਨਾਤਮਕ ਸੰਵੇਦਨਸ਼ੀਲਤਾ ਵਿੱਚ ਬਿਨਾਂ ਕਿਸੇ ਸਪੱਸ਼ਟ ਬਾਹਰੀ ਕਾਰਨ ਦੇ ਵੀ ਤਬਦੀਲੀ ਦਿਖਾਈ ਦੇ ਸਕਦੀ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਹਰ ਵਿਉਹਾਰ ਦਾ ਕਾਰਨ ਕੋਈ ਹਾਰਮੋਨ ਹੀ ਹੈ।

ਕੋਰਟੀਸੋਲ ਨੂੰ ਆਮ ਤੌਰ 'ਤੇ ਤਣਾਅ ਦਾ ਹਾਰਮੋਨ ਕਿਹਾ ਜਾਂਦਾ ਹੈ। ਮੁਸ਼ਕਲ ਜਾਂ ਖ਼ਤਰਨਾਕ ਸਥਿਤੀ ਵਿੱਚ ਇਹ ਸਰੀਰ ਨੂੰ ਚੌਕਸ ਕਰਨ ਅਤੇ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਵਿੱਚ ਸਹਾਇਤਾ ਕਰਦਾ ਹੈ। ਥੋੜ੍ਹੇ ਸਮੇਂ ਲਈ ਇਹ ਪ੍ਰਤੀਕਿਰਿਆ ਸਾਡੇ ਬਚਾਅ ਲਈ ਬਹੁਤ ਲਾਭਦਾਇਕ ਹੈ।

ਪਰ ਜੇ ਤਣਾਅ ਲੰਮੇ ਸਮੇਂ ਤੱਕ ਬਣਿਆ ਰਹੇ ਤਾਂ ਸਰੀਰ ਦਾ ਤਣਾਅ-ਪ੍ਰਤੀਕਿਰਿਆ ਤੰਤਰ ਲਗਾਤਾਰ ਸਰਗਰਮ ਰਹਿ ਸਕਦਾ ਹੈ। ਇਸ ਨਾਲ ਨੀਂਦ ਵਿੱਚ ਵਿਘਨ, ਚਿੜਚਿੜਾਪਣ, ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ ਅਤੇ ਭਾਵਨਾਤਮਕ ਥਕਾਵਟ ਵਰਗੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਇਸ ਲਈ ਕਈ ਵਾਰ ਕੋਈ ਵਿਅਕਤੀ ਬਹੁਤ ਗੁੱਸੇਵਾਲਾ, ਬੇਚੈਨ ਜਾਂ ਲੋਕਾਂ ਤੋਂ ਦੂਰ ਦਿਖਾਈ ਦੇ ਸਕਦਾ ਹੈ, ਜਦਕਿ ਅਸਲ ਵਿੱਚ ਉਸਦੇ ਵਿਉਹਾਰ ਪਿੱਛੇ ਲੰਮੇ ਸਮੇਂ ਦਾ ਤਣਾਅ ਵੀ ਇੱਕ ਕਾਰਕ ਹੋ ਸਕਦਾ ਹੈ। ਡਰ, ਖ਼ਤਰੇ ਜਾਂ ਬਹੁਤ ਜ਼ਿਆਦਾ ਉਤਸ਼ਾਹ ਦੀ ਸਥਿਤੀ ਵਿੱਚ ਐਡ੍ਰੀਨਲਿਨ ਸਰੀਰ ਨੂੰ ਤੁਰੰਤ ਕਾਰਵਾਈ ਲਈ ਤਿਆਰ ਕਰਦਾ ਹੈ। ਦਿਲ ਦੀ ਧੜਕਣ ਅਤੇ ਸਾਹ ਲੈਣ ਦੀ ਗਤੀ ਵੱਧ ਸਕਦੀ ਹੈ ਅਤੇ ਚੌਕਸੀ ਵੱਧ ਜਾਂਦੀ ਹੈ। ਇਹ ਸਰੀਰ ਦੀ ਕੁਦਰਤੀ ਲੜੋ ਜਾਂ ਬਚੋ ਪ੍ਰਤੀਕਿਰਿਆ ਦਾ ਹਿੱਸਾ ਹੈ।

ਪਰ ਹਰ ਮਨੁੱਖ ਇਸ ਉਤੇਜਨਾ ਨੂੰ ਇੱਕੋ ਜਿਹੇ ਢੰਗ ਨਾਲ ਮਹਿਸੂਸ ਨਹੀਂ ਕਰਦਾ। ਕੋਈ ਵਿਅਕਤੀ ਚੁਣੌਤੀਆਂ ਅਤੇ ਰੋਮਾਂਚ ਨੂੰ ਪਸੰਦ ਕਰ ਸਕਦਾ ਹੈ, ਜਦਕਿ ਦੂਜਾ ਸ਼ਾਂਤ ਅਤੇ ਨਿਸ਼ਚਿਤ ਮਾਹੌਲ ਨੂੰ ਤਰਜ਼ੀਹ ਦੇ ਸਕਦਾ ਹੈ। ਇੱਥੇ ਜੀਵ-ਵਿਗਿਆਨ ਦੇ ਨਾਲ-ਨਾਲ ਪਰਵਰਿਸ਼ ਅਤੇ ਜੀਵਨ ਦੇ ਤਜ਼ਰਬੇ ਵੀ ਮਹੱਤਵਪੂਰਨ ਹਨ।

ਡੋਪਾਮੀਨ ਨੂੰ ਅਕਸਰ ਖੁੱਸ਼ੀ ਦਾ ਰਸਾਇਣ ਕਿਹਾ ਜਾਂਦਾ ਹੈ, ਪਰ ਇਸਦੀ ਭੂਮਿਕਾ ਇਸ ਤੋਂ ਕਿਤੇ ਵੱਧ ਗੁੰਝਲਦਾਰ ਹੈ। ਇਹ ਪ੍ਰੇਰਣਾ, ਇਨਾਮ ਨਾਲ ਜੁੜੀ ਸਿੱਖਿਆ, ਧਿਆਨ ਅਤੇ ਕਿਸੇ ਲਾਭਦਾਇਕ ਨਤੀਜ਼ੇ ਦੀ ਉਮੀਦ ਨਾਲ ਸੰਬੰਧਿਤ ਹੈ। ਜਦੋਂ ਅਸੀਂ ਕੋਈ ਟੀਚਾ ਪ੍ਰਾਪਤ ਕਰਦੇ ਹਾਂ ਤਾਂ ਦਿਮਾਗ ਦਾ ਇਨਾਮ ਤੰਤਰ ਸਰਗਰਮ ਹੁੰਦਾ ਹੈ ਅਤੇ ਇਹ ਸਾਨੂੰ ਹੋਰ ਉਪਲੱਬਧੀਆਂ ਵੱਲ ਪ੍ਰੇਰਿਤ ਕਰ ਸਕਦਾ ਹੈ। ਸਿੱਖਿਆ, ਕਸਰਤ, ਰਚਨਾਤਮਕਤਾ ਅਤੇ ਸਾਰਥਕ ਉਪਲੱਬਧੀਆਂ ਇਸ ਪ੍ਰਣਾਲੀ ਨੂੰ ਸਿਹਤਮੰਦ ਢੰਗ ਨਾਲ ਸਰਗਰਮ ਕਰ ਸਕਦੀਆਂ ਹਨ। ਪਰ ਤੁਰੰਤ ਅਤੇ ਲਗਾਤਾਰ ਇਨਾਮ ਦੀ ਆਦਤ ਮਨੁੱਖ ਨੂੰ ਬੇਸਬਰੀ ਅਤੇ ਹਿੰਸਾ ਵਾਲੇ ਵਿਉਹਾਰ ਵੱਲ ਵੀ ਧੱਕ ਸਕਦੀ ਹੈ। ਇਸ ਲਈ ਡੋਪਾਮੀਨ ਦੀ ਭੂਮਿਕਾ ਨੂੰ ਸਮਝਣਾ ਸਾਨੂੰ ਅਨੁਸ਼ਾਸਨ ਅਤੇ ਸਵੈ-ਨਿਯੰਤਰਣ ਦੀ ਮਹੱਤਤਾ ਵੀ ਸਮਝਾਉਂਦਾ ਹੈ।

ਸੈਰੋਟੋਨਿਨ ਮਾਨਸਿਕ ਸਥਿਤੀ, ਨੀਂਦ, ਭੁੱਖ ਅਤੇ ਸਰੀਰ ਦੀਆਂ ਕਈ ਹੋਰ ਪ੍ਰਕਿਰਿਆਵਾਂ ਨਾਲ ਜੁੜਿਆ ਹੋਇਆ ਹੈ। ਪਰ ਮਨੁੱਖੀ ਮਨੋਦਸ਼ਾ ਨੂੰ ਸਿਰਫ਼ ਕਿਸੇ ਇੱਕ ਰਸਾਇਣ ਦੇ ਪੱਧਰ ਨਾਲ ਸਮਝਣਾ ਵਿਗਿਆਨਕ ਤੌਰ 'ਤੇ ਬਹੁਤ ਛੋਟਾ ਹੋਵੇਗਾ। ਮਨੁੱਖੀ ਭਾਵਨਾਵਾਂ 'ਤੇ ਜੀਵ-ਵਿਗਿਆਨਕ, ਮਨੋਵਿਗਿਆਨਕ, ਸਮਾਜਿਕ ਅਤੇ ਵਾਤਾਵਰਣਕ ਕਾਰਕ ਇਕੱਠੇ ਪ੍ਰਭਾਵ ਪਾਉਂਦੇ ਹਨ। ਇਸ ਲਈ ਕਿਸੇ ਵਿਅਕਤੀ ਦੀ ਭਾਵਨਾਤਮਕ ਸਥਿਤੀ ਨੂੰ ਸਿਰਫ਼ ਸੈਰੋਟੋਨਿਨ ਘੱਟ ਹੈ ਕਹਿ ਕੇ ਸਮਝਾਉਣਾ ਠੀਕ ਨਹੀਂ ਹੈ। ਆਕਸੀਟੋਸਿਨ ਸਮਾਜਿਕ ਜੁੜਾਅ, ਪ੍ਰਸੂਤੀ ਅਤੇ ਦੁੱਧ ਪਿਲਾਉਣ ਵਰਗੀਆਂ ਪ੍ਰਕਿਰਿਆਵਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਸਮਾਜਿਕ ਸੰਪਰਕ ਅਤੇ ਲਗਾਵ ਨਾਲ ਜੁੜੀਆਂ ਕੁਝ ਪ੍ਰਕਿਰਿਆਵਾਂ ਵਿੱਚ ਵੀ ਹਿੱਸਾ ਲੈਂਦਾ ਹੈ।

ਮਨੁੱਖ ਇੱਕ ਸਮਾਜਿਕ ਜੀਵ ਹੈ। ਪਰਿਵਾਰ, ਦੋਸਤੀ, ਪਿਆਰ, ਭਰੋਸਾ ਅਤੇ ਸਹਿਯੋਗੀ ਸਮਾਜ ਮਨੁੱਖ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਪਰ ਇਹ ਕਹਿਣਾ ਗਲਤ ਹੋਵੇਗਾ ਕਿ ਆਕਸੀਟੋਸਿਨ ਕਿਸੇ ਵਿਅਕਤੀ ਨੂੰ ਆਪਣੇ ਆਪ ਪਿਆਰ ਕਰਨ ਵਾਲਾ ਜਾਂ ਭਰੋਸੇਯੋਗ ਬਣਾ ਦਿੰਦਾ ਹੈ। ਚੰਗਾ ਚਰਿੱਤਰ ਜੀਵ-ਵਿਗਿਆਨ ਦੇ ਨਾਲ ਮੁੱਲਾਂ, ਸਿੱਖਿਆ, ਰਿਸ਼ਤਿਆਂ ਅਤੇ ਸਚੇਤ ਚੋਣਾਂ ਨਾਲ ਬਣਦਾ ਹੈ।

ਟੈਸਟੋਸਟੇਰੋਨ ਅਤੇ ਐਸਟ੍ਰੋਜਨ ਮਹੱਤਵਪੂਰਨ ਲਿੰਗ ਹਾਰਮੋਨ ਹਨ। ਇਹ ਸਰੀਰਕ ਵਿਕਾਸ ਅਤੇ ਪ੍ਰਜਨਨ ਨਾਲ ਸੰਬੰਧਿਤ ਹਨ ਅਤੇ ਦਿਮਾਗ ਤੇ ਵਿਉਹਾਰ ਦੇ ਕੁਝ ਪੱਖਾਂ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ।

ਪਰ ਇਹ ਮੰਨਣਾ ਕਿ ਟੈਸਟੋਸਟੇਰੋਨ ਸਿੱਧੇ ਤੌਰ 'ਤੇ ਹਮਲਾਵਰਤਾ ਪੈਦਾ ਕਰਦਾ ਹੈ, ਇੱਕ ਬਹੁਤ ਵੱਡਾ ਕਥਨ ਹੈ। ਇਸੇ ਤਰ੍ਹਾਂ ਮਰਦਾਂ ਅਤੇ ਔਰਤਾਂ ਦੇ ਵਿਉਹਾਰ ਨੂੰ ਸਿਰਫ਼ ਹਾਰਮੋਨਾਂ ਦੇ ਆਧਾਰ 'ਤੇ ਸਮਝਣਾ ਵੀ ਗਲਤ ਹੈ। ਮਨੁੱਖ ਜੀਵ-ਵਿਗਿਆਨਕ ਰੂਪ ਵਿੱਚ ਇਕਸਾਰ ਮਸ਼ੀਨਾਂ ਨਹੀਂ, ਸਗੋਂ ਵਿਲੱਖਣ ਵਿਅਕਤੀ ਹਨ। ਥਾਇਰਾਇਡ ਗ੍ਰੰਥੀ ਵੱਲੋਂ ਬਣਾਏ ਹਾਰਮੋਨ ਸਰੀਰ ਦੇ ਮੈਟਾਬੋਲਿਜ਼ਮ ਅਤੇ ਊਰਜਾ ਨਾਲ ਜੁੜੀਆਂ ਕਈ ਪ੍ਰਕਿਰਿਆਵਾਂ ਨੂੰ ਨਿਯੰਤਰਿਤ ਕਰਦੇ ਹਨ। ਜੇ ਥਾਇਰਾਇਡ ਹਾਰਮੋਨਾਂ ਵਿੱਚ ਅਸੰਤੁਲਨ ਹੋਵੇ ਤਾਂ ਊਰਜਾ, ਨੀਂਦ, ਧਿਆਨ ਅਤੇ ਮਾਨਸਿਕ ਵਿਕਾਸ ਵਿੱਚ ਤਬਦੀਲੀ ਆ ਸਕਦੀ ਹੈ। ਇਸ ਤੋਂ ਇੱਕ ਮਹੱਤਵਪੂਰਨ ਸਿੱਖਿਆ ਮਿਲਦੀ ਹੈ ਹਰ ਵਿਉਹਾਰਕ ਸਮੱਸਿਆ ਨੂੰ ਚਰਿੱਤਰ ਦੀ ਕਮੀ ਸਮਝਣਾ ਠੀਕ ਨਹੀਂ। ਕਈ ਵਾਰ ਕਿਸੇ ਵਿਅਕਤੀ ਦੇ ਵਿਉਹਾਰ ਪਿੱਛੇ ਕੋਈ ਸਰੀਰਕ ਜਾਂ ਸਿਹਤ ਸੰਬੰਧੀ ਕਾਰਕ ਵੀ ਹੋ ਸਕਦਾ ਹੈ।

ਕਿਸ਼ੋਰ ਅਵਸਥਾ ਉਹ ਦੌਰ ਹੈ ਜਿੱਥੇ ਹਾਰਮੋਨਲ ਅਤੇ ਦਿਮਾਗੀ ਤਬਦੀਲੀਆਂ ਬਹੁਤ ਤੇਜ਼ੀ ਨਾਲ ਹੁੰਦੀਆਂ ਹਨ। ਨੌਜਵਾਨਾਂ ਵਿੱਚ ਭਾਵਨਾਵਾਂ ਦੀ ਤੀਬਰਤਾ, ਸਮਾਜਿਕ ਦਿਲਚਸਪੀਆਂ, ਸੰਵੇਦਨਸ਼ੀਲਤਾ ਅਤੇ ਆਜ਼ਾਦੀ ਦੀ ਇੱਛਾ ਵੱਧ ਸਕਦੀ ਹੈ। ਪਰ ਹਰ ਕਿਸ਼ੋਰ ਵਿਹਾਰ ਨੂੰ ਹਾਰਮੋਨਾਂ ਦਾ ਨਤੀਜ਼ਾ ਕਹਿ ਦੇਣਾ ਵੀ ਅਨੁਚਿਤ ਹੈ। ਇਹ ਦੌਰ ਦਿਮਾਗ ਦੇ ਤੇਜ਼ ਵਿਕਾਸ, ਪਹਿਚਾਣ ਬਣਾਉਣ, ਸਮਾਜਿਕ ਸਿੱਖਿਆ ਅਤੇ ਭਾਵਨਾਤਮਕ ਪਰਿਪੱਕਤਾ ਦਾ ਵੀ ਸਮਾਂ ਹੈ। ਇਸ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਨੌਜਵਾਨਾਂ ਦੀ ਹਰ ਗਲਤੀ 'ਤੇ ਉਨ੍ਹਾਂ ਨੂੰ ਬਦਤਮੀਜ਼, ਆਲਸੀ ਜਾਂ ਬਦਮਿਜ਼ਾਜ਼ ਕਹਿਣ ਦੀ ਬਜਾਏ ਉਨ੍ਹਾਂ ਦੇ ਵਿਕਾਸ ਦੇ ਪੜਾਅ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਿਸ਼ੋਰਾਂ ਨੂੰ ਸਿਰਫ਼ ਆਲੋਚਨਾ ਨਹੀਂ, ਸਹੀ ਦਿਸ਼ਾ ਅਤੇ ਸਮਝ ਦੀ ਲੋੜ ਹੁੰਦੀ ਹੈ।

ਅੱਜ ਦਾ ਮਨੁੱਖ ਲਗਾਤਾਰ ਦਬਾਅ ਵਿੱਚ ਜੀ ਰਿਹਾ ਹੈ। ਪੜ੍ਹਾਈ ਦੀ ਦੌੜ, ਨੌਕਰੀ ਦਾ ਤਣਾਅ, ਆਰਥਿਕ ਚਿੰਤਾਵਾਂ, ਸੋਸ਼ਲ ਮੀਡੀਆ, ਰਿਸ਼ਤਿਆਂ ਦੀਆਂ ਸਮੱਸਿਆਵਾਂ ਅਤੇ ਨੀਂਦ ਦੀ ਕਮੀ ਸਰੀਰ ਦੇ ਤਣਾਅ-ਤੰਤਰ 'ਤੇ ਲਗਾਤਾਰ ਬੋਝ ਪਾ ਰਹੇ ਹਨ। ਸਾਡਾ ਸਰੀਰ ਛੋਟੇ ਸਮੇਂ ਦੀਆਂ ਚੁਣੌਤੀਆਂ ਲਈ ਤਣਾਅ-ਪ੍ਰਤੀਕਿਰਿਆ ਵਿਕਸਿਤ ਕਰਕੇ ਆਇਆ ਹੈ।

ਪਰ ਜਦੋਂ ਤਣਾਅ ਲਗਾਤਾਰ ਬਣਿਆ ਰਹੇ ਤਾਂ ਸਰੀਰ ਅਤੇ ਮਨ ਦੋਵਾਂ 'ਤੇ ਇਸਦਾ ਪ੍ਰਭਾਵ ਪੈ ਸਕਦਾ ਹੈ। ਇਸ ਲਈ ਪੂਰੀ ਨੀਂਦ, ਨਿਯਮਿਤ ਕਸਰਤ, ਸੰਤੁਲਿਤ ਖੁਰਾਕ, ਆਰਾਮ, ਕੁਦਰਤ ਨਾਲ ਜੁੜਾਅ ਅਤੇ ਸਿਹਤਮੰਦ ਸਮਾਜਿਕ ਰਿਸ਼ਤੇ ਸਿਰਫ਼ ਜੀਵਨ-ਸ਼ੈਲੀ ਦੀਆਂ ਚੋਣਾਂ ਨਹੀਂ, ਸਗੋਂ ਸਰੀਰਕ ਅਤੇ ਭਾਵਨਾਤਮਕ ਸੰਤੁਲਨ ਲਈ ਵੀ ਮਹੱਤਵਪੂਰਨ ਹਨ। ਹਾਰਮੋਨ ਸਾਡੀ ਮਾਨਸਿਕ ਸਿਹਤ, ਊਰਜਾ, ਪ੍ਰੇਰਣਾ ਅਤੇ ਵਿਉਹਾਰ ਦੀਆਂ ਕੁਝ ਸਥਿਤੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਸ਼ਖ਼ਸੀਅਤ ਦਾ ਨਿਰਮਾਣ ਕਈ ਪੱਧਰਾਂ 'ਤੇ ਹੁੰਦਾ ਹੈ।

ਸਾਡੇ ਜੀਨ ਕੁਝ ਰੁਝਾਨ ਦੇ ਸਕਦੇ ਹਨ। ਹਾਰਮੋਨ ਸਰੀਰਕ ਅਤੇ ਭਾਵਨਾਤਮਕ ਸਥਿਤੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਦਿਮਾਗੀ ਵਿਕਾਸ ਅਤੇ ਜੀਵਨ ਦੇ ਤਜ਼ਰਬੇ ਸਾਨੂੰ ਸਿਖਾਉਂਦੇ ਹਨ। ਪਰਿਵਾਰ ਅਤੇ ਸਮਾਜ ਸਾਡੇ ਮੁੱਲਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਆਖ਼ਰਕਾਰ ਸਾਡੀਆਂ ਸੁਚੇਤ ਚੋਣਾਂ ਅਤੇ ਆਦਤਾਂ ਸਾਡੇ ਚਰਿੱਤਰ ਨੂੰ ਘੜਦੀਆਂ ਹਨ।

ਇਸ ਲਈ ਦੋ ਵਿਅਕਤੀ ਇੱਕੋ ਜਿਹੀ ਜੈਵਿਕ ਸਥਿਤੀ ਦਾ ਸਾਹਮਣਾ ਕਰਦੇ ਹੋਏ ਵੀ ਬਿਲਕੁਲ ਵੱਖਰੇ ਢੰਗ ਨਾਲ ਪ੍ਰਤੀਕਿਰਿਆ ਕਰ ਸਕਦੇ ਹਨ। ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਜੀਵ-ਵਿਗਿਆਨਕ ਪ੍ਰਭਾਵ ਗਲਤ ਵਿਉਹਾਰ ਦਾ ਬਹਾਨਾ ਨਹੀਂ ਬਣ ਸਕਦੇ। ਜੇ ਕੋਈ ਵਿਅਕਤੀ ਗੁੱਸੇ ਵਿੱਚ ਕਿਸੇ ਨੂੰ ਦੁੱਖ ਪਹੁੰਚਾਉਂਦਾ ਹੈ ਤਾਂ ਇਹ ਕਹਿ ਦੇਣਾ ਕਿ 'ਮੇਰੇ ਹਾਰਮੋਨ ਜ਼ਿੰਮੇਵਾਰ ਸਨ' ਉਸਦੇ ਵਿਉਹਾਰ ਨੂੰ ਜਾਇਜ਼ ਨਹੀਂ ਬਣਾਉਂਦਾ। ਹਾਰਮੋਨ ਕਿਸੇ ਪ੍ਰਤੀਕਿਰਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਪਰਿਪੱਕ ਮਨੁੱਖ ਆਪਣੀਆਂ ਪ੍ਰਤੀਕਿਰਿਆਵਾਂ ਨੂੰ ਸਮਝਣ ਅਤੇ ਨਿਯੰਤਰਿਤ ਕਰਨ ਦੀ ਸਮਰੱਥਾ ਵਿਕਸਿਤ ਕਰ ਸਕਦਾ ਹੈ। ਇੱਥੇ ਭਾਵਨਾਤਮਕ ਬੁੱਧੀ ਦੀ ਮਹੱਤਤਾ ਸਾਹਮਣੇ ਆਉਂਦੀ ਹੈ। ਆਪਣੀਆਂ ਭਾਵਨਾਵਾਂ ਨੂੰ ਪਛਾਣਨਾ, ਉਨ੍ਹਾਂ ਦੇ ਕਾਰਨਾਂ ਨੂੰ ਸਮਝਣਾ, ਆਵੇਗ 'ਤੇ ਕਾਬੂ ਪਾਉਣਾ, ਦੂਜਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਅਤੇ ਸੋਚ-ਸਮਝ ਕੇ ਪ੍ਰਤੀਕਿਰਿਆ ਦੇਣਾ ਇੱਕ ਪਰਿਪੱਕ ਸ਼ਖ਼ਸੀਅਤ ਦੀ ਨਿਸ਼ਾਨੀ ਹੈ। ਮਜ਼ਬੂਤ ਸ਼ਖ਼ਸੀਅਤ ਦਾ ਅਰਥ ਇਹ ਨਹੀਂ ਕਿ ਮਨੁੱਖ ਨੂੰ ਕਦੇ ਗੁੱਸਾ, ਡਰ, ਦੁੱਖ ਜਾਂ ਨਿਰਾਸ਼ਾ ਮਹਿਸੂਸ ਨਾ ਹੋਵੇ। ਅਸਲ ਮਜ਼ਬੂਤੀ ਇਹ ਹੈ ਕਿ ਉਹ ਇਨ੍ਹਾਂ ਭਾਵਨਾਵਾਂ ਨੂੰ ਪਛਾਣੇ, ਸਮਝੇ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਣ ਦੀ ਕਲਾ ਸਿੱਖੇ।

ਮਾਪਿਆਂ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਅਤੇ ਕਿਸ਼ੋਰਾਂ ਵਿੱਚ ਹੋ ਰਹੀਆਂ ਸਰੀਰਕ ਅਤੇ ਭਾਵਨਾਤਮਕ ਤਬਦੀਲੀਆਂ ਨੂੰ ਸਮਝਣ। ਉਨ੍ਹਾਂ ਨੂੰ ਹਰ ਸਮੇਂ ਦੋਸ਼ੀ ਠਹਿਰਾਉਣ ਦੀ ਬਜਾਏ ਸਵੈ-ਜਾਗਰੂਕਤਾ ਅਤੇ ਸਵੈ-ਅਨੁਸ਼ਾਸਨ ਸਿਖਾਇਆ ਜਾਣਾ ਚਾਹੀਦਾ ਹੈ। ਨੌਜਵਾਨਾਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸਰੀਰ ਅਤੇ ਦਿਮਾਗ ਵਿੱਚ ਤਬਦੀਲੀਆਂ ਕੁਦਰਤੀ ਹਨ, ਪਰ ਆਪਣੇ ਵਿਉਹਾਰ ਦੀ ਜ਼ਿੰਮੇਵਾਰੀ ਲੈਣਾ ਵੀ ਉਨ੍ਹਾਂ ਦੀ ਹੀ ਜ਼ਿੰਮੇਵਾਰੀ ਹੈ। ਹਾਰਮੋਨ ਮਨੁੱਖੀ ਸਰੀਰ ਦੇ ਅਦਭੁਤ ਰਸਾਇਣਕ ਸੰਦੇਸ਼ਵਾਹਕ ਹਨ। ਇਹ ਵਾਧੇ, ਊਰਜਾ, ਨੀਂਦ, ਤਣਾਅ, ਪ੍ਰੇਰਣਾ, ਪ੍ਰਜਨਨ, ਮੂਡ ਅਤੇ ਸਰੀਰ ਦੀਆਂ ਅਨੇਕ ਮਹੱਤਵਪੂਰਨ ਪ੍ਰਕਿਰਿਆਵਾਂ ਵਿੱਚ ਭੂਮਿਕਾ ਨਿਭਾਉਂਦੇ ਹਨ। ਦਿਮਾਗ ਅਤੇ ਨਰਵਸ ਸਿਸਟਮ ਨਾਲ ਉਨ੍ਹਾਂ ਦੀ ਲਗਾਤਾਰ ਗੱਲਬਾਤ ਮਨੁੱਖੀ ਵਿਹਾਰ ਦੇ ਕਈ ਪੱਖਾਂ ਨੂੰ ਪ੍ਰਭਾਵਿਤ ਕਰਦੀ ਹੈ। ਪਰ ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਮਨੁੱਖ ਸਿਰਫ਼ ਹਾਰਮੋਨਾਂ ਦਾ ਜੋੜ ਨਹੀਂ ਹੈ।

ਸਾਡੀ ਸ਼ਖ਼ਸੀਅਤ ਜੀਨ, ਦਿਮਾਗ, ਹਾਰਮੋਨ, ਪਰਿਵਾਰ, ਸਿੱਖਿਆ, ਸੱਭਿਆਚਾਰ, ਰਿਸ਼ਤੇ, ਤਜ਼ਰਬੇ, ਆਦਤਾਂ, ਮੁੱਲ ਅਤੇ ਚੋਣਾਂ ਦੇ ਸਾਂਝੇ ਪ੍ਰਭਾਵ ਨਾਲ ਬਣਦੀ ਹੈ। ਾਰਮੋਨ ਸਾਡੇ ਅੰਦਰ ਕੁਝ ਰੁਝਾਨਾਂ ਨੂੰ ਜਨਮ ਦੇ ਸਕਦੇ ਹਨ, ਪਰ ਉਨ੍ਹਾਂ ਰੁਝਾਨਾਂ ਨਾਲ ਅਸੀਂ ਕਿਵੇਂ ਵਿਉਹਾਰ ਕਰਦੇ ਹਾਂ ਇਹ ਸਾਡੀ ਸਮਝ, ਸਾਡੀ ਸਿੱਖਿਆ ਅਤੇ ਸਾਡੇ ਚਰਿੱਤਰ 'ਤੇ ਨਿਰਭਰ ਕਰਦਾ ਹੈ। ਅੰਤ ਵਿੱਚ ਕਿਹਾ ਜਾ ਸਕਦਾ ਹੈ ਹਾਰਮੋਨ ਮਨ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਚਰਿੱਤਰ ਇਹ ਫ਼ੈਸਲਾ ਕਰਦਾ ਹੈ ਕਿ ਅਸੀਂ ਉਨ੍ਹਾਂ ਪ੍ਰਭਾਵਾਂ ਦਾ ਜਵਾਬ ਕਿਵੇਂ ਦਿੰਦੇ ਹਾਂ। ਇਹੀ ਮਨੁੱਖੀ ਸ਼ਖ਼ਸੀਅਤ ਦੀ ਅਸਲ ਤਾਕਤ ਹੈ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

ਡਰਾਈਵਰ ਦੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਟ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

INVOICE $

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.

# .ਗਦਰ ਮੈਮੋਰੀਅਲ ਸੁਸਾਇਟੀ ਕੈਨੇਡਾ ਵੱਲੋਂ 'ਅਮਰੀਕਾ ਦੇ ਗਦਰੀ ਯੋਧੇ' ਕਿਤਾਬ ਲੋਕ ਅਰਪਣ ਅਤੇ ਵਿਚਾਰ ਗੋਸ਼ਟੀ

## ਇਤਿਹਾਸਕਾਰ ਸੋਹਣ ਸਿੰਘ ਪੂੰਨੀ ਨੂੰ 'ਆਨਰੇਰੀ ਡਾਕਟਰੇਟ' ਡਿਗਰੀ ਦੇਣ ਦੀ ਮੰਗ ਉੱਠੀ

ਸਰੀ
ਰਣਜੀਤ ਸਿੰਘ ਸੰਘੇੜਾ

.ਗਦਰ ਮੈਮੋਰੀਅਲ ਸੁਸਾਇਟੀ ਆਫ਼ ਬੀਸੀ ਕੈਨੇਡਾ ਵੱਲੋਂ, ਉੱਘੇ ਇਤਿਹਾਸਕਾਰ ਅਤੇ ਲੇਖਕ ਸੋਹਣ ਸਿੰਘ ਪੂੰਨੀ ਦੀ ਕਿਤਾਬ 'ਅਮਰੀਕਾ ਦੇ ਗਦਰੀ ਯੋਧੇ' ਖਾਲਸਾ ਲਾਇਬਰੇਰੀ ਸਰੀ ਵਿਖੇ ਵੱਡੇ ਸਾਹਿਤਕ ਇਕੱਠ ਵਿੱਚ ਲੋਕ ਅਰਪਣ ਕੀਤੀ ਗਈ। ਪ੍ਰਭਾਵਸ਼ਾਲੀ ਸਮਾਗਮ ਵਿੱਚ ਕੈਨੇਡਾ ਦੀਆਂ ਸਾਹਿਤਿਕ, ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਅਗਾਂਹਵਧੂ ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ, ਗਦਰੀ ਯੋਧਿਆਂ ਦੇ ਪਰਿਵਾਰਾਂ ਨਾਲ ਸਬੰਧਿਤ ਸ਼ਖਸੀਅਤਾਂ ਨੇ ਹਿੱਸਾ ਲਿਆ, ਜਿਹਨਾਂ ਵਿੱਚ ਕੈਨੇਡਾ 'ਚ ਵੋਟ ਦਾ ਹੱਕ ਦਿਵਾਉਣ ਵਾਲੇ ਭਾਈ ਨਗਿੰਦਰ ਸਿੰਘ ਗਿੱਲ ਚੂਹੜਚੱਕ ਦੇ ਪੁੱਤਰ ਸੁਖਵਿੰਦਰ ਸਿੰਘ ਗਿੱਲ ਅਤੇ ਕੈਨੇਡਾ ਦੀ ਇਤਿਹਾਸਿਕ ਡਾਇਰੀ ਲਿਖਣ ਵਾਲੇ ਭਾਈ ਅਰਜਨ ਸਿੰਘ ਚੰਦ ਨਵਾਂ ਦੇ ਪੁੱਤਰ ਅਮਰਜੀਤ ਸਿੰਘ ਬਰਾੜ ਤੇ ਹੋਰ ਕਈ ਪਰਿਵਾਰ ਸ਼ਾਮਿਲ ਹੋਏ।

ਕਿਤਾਬ 'ਅਮਰੀਕਾ ਦੇ ਗਦਰੀ ਯੋਧੇ' 'ਤੇ ਹੋਈ ਵਿਚਾਰ ਗੋਸ਼ਟੀ 'ਚ ਬੋਲਦਿਆਂ ਲੇਖਕ ਅਤੇ ਪੰਜਾਬੀ ਪ੍ਰੈੱਸ ਕਲੱਬ ਬੀਸੀ ਦੇ ਪ੍ਰਧਾਨ ਡਾ ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ .ਗਦਰੀ ਯੋਧਿਆਂ ਦੀਆਂ ਜੀਵਨੀਆਂ ਵਿੱਚ ਦਰਜ ਬਿਆਨਾਂ ਦਾ ਨਿਚੋੜ ਇਹ ਹੈ ਕਿ 15 ਅਗਸਤ 1947 ਸਿਰਫ ਸੱਤਾ ਪਰਿਵਰਤਨ ਸੀ, ਨਾ ਕਿ .ਗਦਰੀਆਂ ਵਾਲੀ ਆਜ਼ਾਦੀ। ਭੁੱਲੇ-ਵਿਸਰੇ .ਗਦਰੀ ਯੋਧਿਆਂ ਬਾਰੇ ਮੌਲਿਕ ਲਿਖਤਾਂ ਦੀ ਘਾਲਣਾ ਲਈ ਉਹਨਾਂ, ਇਤਿਹਾਸਕਾਰ ਸੋਹਣ ਸਿੰਘ ਪੂੰਨੀ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਦੇਣ ਲਈ ਮੰਗ ਰੱਖੀ, ਜੋ ਸਮਾਗਮ ਵਿੱਚ ਸ਼ਾਮਿਲ ਸਾਰੀਆਂ ਜਥੇਬੰਦੀਆਂ ਨੇ ਭਰਪੂਰ ਹੁੰਗਾਰੇ ਨਾਲ ਪ੍ਰਵਾਨ ਕੀਤੀ। ਸਮਾਗਮ ਦਾ ਸੰਚਾਲਨ ਕਰਦਿਆਂ ਡਾ ਸੁਰਿੰਦਰਜੀਤ ਸਿੰਘ ਭੇਲਾ ਨੇ .ਗਦਰ ਮੈਮੋਰੀਅਲ ਸੁਸਾਇਟੀ ਦੀ ਸਥਾਪਨਾ, ਇਤਿਹਾਸ ਅਤੇ ਮਨੋਰਥ ਬਾਰੇ ਚਾਨਣਾ ਪਾਇਆ ਅਤੇ .ਗਦਰ ਨਾਲ ਸਬੰਧਿਤ ਇਤਿਹਾਸਿਕ ਦਾਸਤਾਵੇਜ਼ ਸੰਗ੍ਰਹਿਤ ਕਰਨ ਦੀ ਵਚਨਬੱਧਤਾ ਪ੍ਰਗਟਾਈ।

ਸਮਾਗਮ ਵਿੱਚ ਸ਼ਾਮਿਲ ਬੁਲਾਰਿਆਂ 'ਚ ਇੰਜੀਨੀਅਰ ਜਗਰੂਪ ਸਿੰਘ ਖੇੜਾ ਨੇ ਸਮੂਹ ਜਥੇਬੰਦੀਆਂ ਦਾ ਸਵਾਗਤ ਕੀਤਾ, ਜਦਕਿ ਕਾਮਰੇਡ ਆਗੂ ਭੁਪਿੰਦਰ ਸਿੰਘ ਮੱਲੀ ਨੇ ਗਦਰੀ ਬਾਬਾ ਜਵਾਲਾ ਸਿੰਘ ਦਾ ਹਵਾਲਾ ਦਿੰਦਿਆਂ ਕਿਹਾ ਕਿ ਕਾਮਰੇਡੀ ਫਿਲਾਸਫੀ ਤਾਂ ਸਿੱਖੀ ਵਿੱਚ ਸਮਾ ਸਕਦੀ ਹੈ, ਪਰ ਸਿੱਖੀ ਦਾ ਦਾਇਰਾ ਇਸ ਤੋਂ ਕਿਤੇ ਵਿਸ਼ਾਲ ਹੈ। ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਦੇ ਖੋਜੀ ਅਤੇ ਅਤੇ ਗਦਰੀ ਭਾਈ ਅਰਜਨ ਸਿੰਘ ਚੰਦ ਨਵਾਂ ਦੀ ਡਾਇਰੀ ਦੇ ਸੰਪਾਦਕ ਡਾ ਪੂਰਨ ਸਿੰਘ ਗਿੱਲ, ਗੁਦਰ ਸਾਹਿਤ ਪ੍ਰੇਮੀ ਸ਼੍ਰੀ ਧਰਮਪਾਲ ਸ਼ਰਮਾ, ਹਰਚਰਨ ਸਿੰਘ ਸੰਧੂ, ਜਤਿੰਦਰ ਸਿੰਘ ਜੇ ਮਿਨਹਾਸ, ਅਵਤਾਰ ਸਿੰਘ ਢਿੱਲੋਂ, ਪ੍ਰਧਾਨ ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸੁਸਾਇਟੀ, ਡਾ ਪ੍ਰਗਟ ਸਿੰਘ ਭੁਰਜੀ ਅਤੇ ਗੁਰਨੂਰ ਸਿੰਘ, ਨੌਜਵਾਨ ਆਗੂ ਕੁਵਿੰਟਲਨ ਯੂਨੀਵਰਸਿਟੀ, ਸਰੀ ਸ਼ਾਮਿਲ ਹੋਏ।

'ਅਮਰੀਕਾ ਦੇ ਗਦਰੀ ਯੋਧੇ' ਲੋਕ ਅਰਪਣ ਸਮਾਗਮ ਦੌਰਾਨ ਕੈਨੇਡਾ ਦੇ ਦੀਆਂ ਉੱਘੀਆਂ ਸ਼ਖਸ਼ੀਅਤਾਂ ਲੇਖਕ ਸੋਹਣ ਸਿੰਘ ਪੂੰਨੀ ਅਤੇ ਉਨਾਂ ਦੀ ਸੁਪਤਨੀ ਬੀਬੀ ਵਿਨੀ ਪੂੰਨੀ ਸਮੇਤ, ਵਿਸ਼ਵ ਸਿੱਖ ਸੰਸਥਾ ਦੀ ਸਾਬਕਾ ਪ੍ਰਧਾਨ ਗਿਆਨ ਸਿੰਘ ਸੰਧੂ, ਗੁਰਮੀਤ ਸਿੰਘ ਧਾਲੀਵਾਲ, ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ, ਮਰਹੂਮ ਚਿੱਤਰਕਾਰ ਜਰਨੈਲ ਸਿੰਘ ਦੀ ਪਤਨੀ ਬਲਜੀਤ ਕੌਰ, ਨੀਤੀ ਸਿੰਘ, ਸ਼ਬਨਮ ਮੱਲੀ, ਪ੍ਰਕਾਸ਼ ਕੌਰ ਬਰਾੜ, ਵਣਜਾਰਾ ਨੋਮੈਡ ਕਲੈਕਸ਼ਨ ਦੇ ਰਾਜ ਸਿੰਘ ਭੰਡਾਲ, ਸਾਇੰਸਦਾਨ ਡਾ ਕੁਲਵੰਤ ਸਿੰਘ ਥਿੰਦ, ਵੈਨਕੂਵਰ ਵਿਚਾਰ ਮੰਚ



ਦੇ ਮੋਹਨ ਗਿੱਲ, ਰਜਿੰਦਰ ਸਿੰਘ ਪੰਧੇਰ, ਸਿੱਖ ਵਿਚਾਰ ਮੰਚ ਦੇ ਕੇਸਰ ਸਿੰਘ ਕੂਨਰ, ਬਲਵੀਰ ਸਿੰਘ ਸੰਘਾ, ਗਜ਼ਲ ਮੰਚ ਦੇ ਰਾਜਵੰਤ ਰਾਜ ਬਾਗੜੀ, ਸ੍ਰੀ ਰਾਮ ਆਸਰਾ, ਗੁਰਮੁਖ ਸਿੰਘ ਦਿਓਲ ਅਤੇ ਪੰਜਾਬੀ ਰੰਗ ਮੰਚ ਦੀ ਹਸਤੀ ਗੁਰਦੀਪ ਸਿੰਘ ਭੁੱਲਰ ਸਮੇਤ ਰੇਡੀਓ, ਟੈਲੀਵਿਜ਼ਨ ਅਤੇ ਅਖਬਾਰਾਂ ਨਾਲ ਸੰਬੰਧਤ ਮੀਡੀਆਕਰਮੀ ਹਾਜ਼ਰ ਸਨ। ਕਰੀਬ ਤਿੰਨ ਘੰਟੇ ਤੱਕ ਚੱਲਿਆ ਗਿਆਨ ਅਤੇ ਖੋਜ ਭਰਪੂਰ ਪ੍ਰੋਗਰਾਮ, ਗਦਰ ਲਹਿਰ ਅਤੇ ਮੌਜੂਦਾ ਸਮੇਂ ਦੀਆਂ ਚੁਣੌਤੀਆਂ ਬਾਰੇ ਹਲੂਣਾ ਦਿੰਦਾ, ਯਾਦਗਾਰੀ ਹੋ ਨਿਬੜਿਆ। ਇੱਥੇ ਦੱਸਣ ਯੋਗ ਹੈ ਕਿ ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਵੀ ਅਮਰੀਕਾ ਦੇ ਗਦਰੀ ਯੋਧੇ ਕਿਤਾਬ ਦਾ ਲੋਕ ਅਰਪਣ ਸਮਾਗਮ, ਇੱਕ ਰੋਜ਼ਾ ਕੌਮਾਂਤਰੀ ਕਾਨਫਰੰਸ ਮੌਕੇ ਕੀਤਾ ਗਿਆ, ਜਿਸ ਦੌਰਾਨ ਪੰਜਾਬ, ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੀਆਂ ਉੱਘੀਆਂ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ।

# ਕੈਲੀਫੋਰਨੀਆ 'ਚ ਨਵੇਂ ਆਈਸੀਈ ਕੇਂਦਰਾਂ ਖ਼ਿਲਾਫ਼ ਕਾਨੂੰਨੀ ਜੰਗ, ਗਿਲਰੋਏ ਪ੍ਰੋਜੈਕਟ ਦੀ ਉਸਾਰੀ ਰੁਕੀ

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ

ਕੈਲੀਫੋਰਨੀਆ ਵਿਚ ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਡਿਟੈਂਨਸ਼ਨ ਇਨਫਰਾਸਟਰੱਕਚਰ ਵਧਾਉਣ ਦੀਆਂ ਕੋਸ਼ਿਸ਼ਾਂ ਨੂੰ ਲੈ ਕੇ ਰਾਜ ਅਤੇ ਸਥਾਨਕ ਸਰਕਾਰਾਂ ਨਾਲ ਵੱਡੀ ਕਾਨੂੰਨੀ ਲੜਾਈ ਚੱਲ ਰਹੀ ਹੈ। ਇਸ ਵੇਲੇ ਸਭ ਤੋਂ ਵੱਧ ਧਿਆਨ ਸਾਂਤਾ ਕਲਾਰਾ ਕਾਊਂਟੀ ਦੇ ਗਿਲਰੋਏ ਨੇੜੇ ਪ੍ਰਸਤਾਵਿਤ ਆਈਸ ਫੈਸੀਲਿਟੀ ਅਤੇ ਕੇਰਨ ਕਾਊਂਟੀ ਦੀ ਕੈਲੀਫੋਰਨੀਆ ਸਿਟੀ ਡਿਟੈਂਨਸ਼ਨ ਫੈਸੀਲਿਟੀ ਉੱਤੇ ਹੈ। ਤਾਜ਼ਾ ਰਿਪੋਰਟ ਮੁਤਾਬਕ ਕੈਲੀਫੋਰਨੀਆ ਅਤੇ ਸਥਾਨਕ ਸਰਕਾਰਾਂ ਜ਼ੋਨਿੰਗ, ਇਨਵਾਇਰਮੈਂਟਲ ਅਤੇ ਲੈਂਡ-ਯੂਜ਼ ਕਾਨੂੰਨਾਂ ਦੇ ਆਧਾਰ 'ਤੇ ਫੈਡਰਲ ਇਮੀਗ੍ਰੇਸ਼ਨ ਐਕਸਪੈਂਸ਼ਨ ਨੂੰ ਚੁਣੌਤੀ ਦੇ ਰਹੀਆਂ ਹਨ।

ਗਿਲਰੋਏ ਨੇੜੇ ਬਣਨ ਵਾਲੀ ਫੈਸੀਲਿਟੀ ਦੇ ਖ਼ਿਲਾਫ਼ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੋਬ ਬੋਂਟਾ ਅਤੇ ਸਾਂਤਾ ਕਲਾਰਾ ਕਾਊਂਟੀ ਨੇ ਟਰੰਪ ਪ੍ਰਸ਼ਾਸਨ ਵਿਰੁੱਧ ਮੁਕੱਦਮਾ ਕੀਤਾ ਹੋਇਆ ਹੈ। ਇਹ ਪ੍ਰੋਜੈਕਟ ਗਿਲਰੋਏ ਸ਼ਹਿਰ ਦੇ ਅੰਦਰ ਨਹੀਂ, ਸਗੋਂ ਗੈਰ-ਸੰਗਠਿਤ ਸਾਂਤਾ ਕਲਾਰਾ ਕਾਊਂਟੀ ਵਿਚ ਹੈ। ਰਾਜ ਅਤੇ ਕਾਊਂਟੀ ਦਾ ਦਾਅਵਾ ਹੈ ਕਿ ਇਹ ਜ਼ਮੀਨ ਲੰਮੇ ਸਮੇਂ ਤੋਂ ਖੇਤੀਬਾੜੀ ਵਰਤੋਂ ਲਈ ਸੁਰੱਖਿਅਤ ਹੈ ਅਤੇ ਫੈਡਰਲ ਸਰਕਾਰ ਨੇ ਉਸਾਰੀ ਅੱਗੇ ਵਧਾਉਂਦੇ ਸਮੇਂ ਵਾਤਾਵਰਣ ਅਤੇ ਲੈਂਡ-ਯੂਜ਼ ਜ਼ਰੂਰਤਾਂ ਦੀ ਪਾਲਣਾ ਨਹੀਂ ਕੀਤੀ।

ਇਸ ਕਾਨੂੰਨੀ ਕਾਰਵਾਈ ਦਾ ਇੱਕ ਮਹੱਤਵਪੂਰਨ ਨਤੀਜਾ ਪਹਿਲਾਂ ਹੀ ਸਾਹਮਣੇ ਆ ਚੁੱਕਾ ਹੈ। ਫੈਡਰਲ ਸਰਕਾਰ ਨੇ ਗਿਲਰੋਏ ਨੇੜੇ ਫੈਸੀਲਿਟੀ ਦੀ ਉਸਾਰੀ ਅਸਥਾਈ ਤੌਰ 'ਤੇ ਰੋਕਣ ਲਈ ਸਹਿਮਤੀ ਦਿੱਤੀ ਹੈ। ਉਪਲਬਧ ਜਾਣਕਾਰੀ ਮੁਤਾਬਕ ਇਹ ਰੋਕ 9 ਸਤੰਬਰ 2026 ਤੱਕ ਹੈ, ਜਦਕਿ ਅਦਾਲਤੀ ਕਾਰਵਾਈ ਅੱਗੇ ਵਧ ਰਹੀ ਹੈ। ਇਸ ਲਈ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਡਿਟੈਂਨਸ਼ਨ ਫੈਸੀਲਿਟੀ ਸਥਾਈ ਤੌਰ 'ਤੇ ਰੱਦ ਹੋ ਗਈ ਹੈ; ਫਿਲਹਾਲ ਉਸਾਰੀ ਰੁਕੀ ਹੋਈ ਹੈ ਅਤੇ ਆਖਰੀ ਫੈਸਲਾ ਅਦਾਲਤੀ ਪ੍ਰਕਿਰਿਆ 'ਤੇ ਨਿਰਭਰ ਕਰੇਗਾ।

ਦੂਜਾ ਵੱਡਾ ਵਿਵਾਦ ਕੈਲੀਫੋਰਨੀਆ ਸਿਟੀ ਡਿਟੈਂਨਸ਼ਨ ਫੈਸੀਲਿਟੀ ਨੂੰ ਲੈ ਕੇ ਹੈ। ਕੈਲੀਫੋਰਨੀਆ ਅਟਾਰਨੀ ਜਨਰਲ ਦੇ ਦਫ਼ਤਰ ਨੇ ਕੋਰਸਿਵਿਕ ਦੀਆਂ ਐਪਲੀਕੇਸ਼ਨਾਂ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਮੌਜੂਦਾ ਕੰਡੀਸ਼ਨਲ-ਯੂਜ਼ ਪਰਮਿਟ ਫੈਸੀਲਿਟੀ ਨੂੰ 2,304 ਬੈੱਡਾਂ ਤੱਕ ਦੀ ਇਜਾਜ਼ਤ ਦਿੰਦਾ ਹੈ, ਜਦਕਿ 2,816 ਬੈੱਡਾਂ ਤੱਕ ਦੀ ਵਰਤੋਂ ਦਾ ਮੁੱਦਾ ਉਠਾਇਆ ਗਿਆ ਸੀ। ਰਾਜ ਦਾ ਇਹ ਵੀ ਕਹਿਣਾ ਹੈ ਕਿ ਇਮੀਗ੍ਰੇਸ਼ਨ ਡਿਟੈਂਨਸ਼ਨ ਵਜੋਂ ਫੈਸੀਲਿਟੀ ਦੀ ਵਰਤੋਂ ਜ਼ੋਨਿੰਗ ਲੋੜਾਂ ਨਾਲ ਟਕਰਾ ਸਕਦੀ ਹੈ।

ਇਸ ਮਾਮਲੇ ਨੂੰ ਹੋਰ ਮਹੱਤਵਪੂਰਨ ਬਣਾਉਣ ਵਾਲੀ ਗੱਲ ਇਹ ਹੈ ਕਿ ਟਰੰਪ ਪ੍ਰਸ਼ਾਸਨ ਨੇ ਹਾਲ ਹੀ ਵਿਚ ਕੋਰਸਿਵਿਕ ਤੋਂ ਕੈਲੀਫੋਰਨੀਆ ਸਿਟੀ ਅਤੇ ਓਟੈ ਮੇਸਾ ਦੀਆਂ ਦੋ ਡਿਟੈਂਨਸ਼ਨ ਪ੍ਰਾਪਰਟੀਜ਼ ਲਗਭਗ 1.5 ਬਿਲੀਅਨ ਡਾਲਰ ਵਿਚ ਖਰੀਦੀਆਂ ਹਨ। ਕੈਲਮੈਟਰਸ ਮੁਤਾਬਕ ਫੈਡਰਲ ਮਲਕੀਅਤ ਵੱਲ ਇਹ ਕਦਮ ਕੈਲੀਫੋਰਨੀਆ ਦੀ ਪ੍ਰਾਈਵੇਟ ਇਮੀਗ੍ਰੇਸ਼ਨ ਡਿਟੈਂਨਸ਼ਨ ਉੱਤੇ ਲਗਾਈਆਂ ਕਾਨੂੰਨੀ ਅਤੇ



ਰਾਜਨੀਤਿਕ ਰੁਕਾਵਟਾਂ ਨਾਲ ਜੁੜਿਆ ਹੋਇਆ ਹੈ।

ਹੁਣ ਸਭ ਤੋਂ ਵੱਡਾ ਕਾਨੂੰਨੀ ਸਵਾਲ ਇਹ ਹੈ ਕਿ ਕੀ ਕੈਲੀਫੋਰਨੀਆ ਜਾਂ ਕੋਈ ਕਾਊਂਟੀ ਫੈਡਰਲ ਆਈਸ ਫੈਸੀਲਿਟੀ ਨੂੰ ਰੋਕ ਸਕਦੀ ਹੈ? ਸਿੱਧਾ ਜਵਾਬ ਆਸਾਨ ਨਹੀਂ ਹੈ। ਅਮਰੀਕੀ ਸੰਵਿਧਾਨ ਦੇ ਸਰਵਉੱਚਤਾ ਧਾਰਾ ਕਾਰਨ ਰਾਜ ਆਮ ਤੌਰ 'ਤੇ ਫੈਡਰਲ ਇਮੀਗ੍ਰੇਸ਼ਨ ਅਥਾਰਟੀ ਨੂੰ ਸਿੱਧੇ ਤੌਰ 'ਤੇ ਖਤਮ ਨਹੀਂ ਕਰ ਸਕਦਾ। ਇਸ ਤੋਂ ਪਹਿਲਾਂ ਨੌਵੇਂ ਸਰਕਟ ਨੇ ਕੈਲੀਫੋਰਨੀਆ ਦੀ ਪ੍ਰਾਈਵੇਟ ਇਮੀਗ੍ਰੇਸ਼ਨ ਡਿਟੈਂਨਸ਼ਨ ਫੈਸੀਲਿਟੀ ਨੂੰ ਫੇਜ਼ ਆਊਟ ਕਰਨ ਵਾਲੀ ਇੱਕ ਕੋਸ਼ਿਸ਼ ਨੂੰ ਵੀ ਫੈਡਰਲ ਸਰਵਉੱਚਤਾ ਦੇ ਆਧਾਰ 'ਤੇ ਰੋਕਿਆ ਸੀ। ਪਰ ਵਾਤਾਵਰਣ ਦੀ ਸਮੀਖਿਆ, ਜ਼ੋਨਿੰਗ, ਪਰਮਿਟ ਅਤੇ ਲੈਂਡ-ਯੂਜ਼ ਵਰਗੇ ਕਾਨੂੰਨਾਂ ਰਾਹੀਂ ਸੂਬਾ ਅਤੇ ਸਥਾਨਕ ਸਰਕਾਰਾਂ ਕੋਲ ਕੁਝ ਕਾਨੂੰਨੀ ਰਸਤੇ ਅਜੇ ਵੀ ਮੌਜੂਦ ਹਨ।

ਇਸ ਲਈ ਗਿਲਰੋਏ ਦਾ ਕੇਸ ਸਿਰਫ਼ ਇੱਕ ਡਿਟੈਂਨਸ਼ਨ ਸੈਂਟਰ ਦਾ ਮਾਮਲਾ ਨਹੀਂ ਹੈ। ਇਸਦਾ ਅੰਤਿਮ ਨਤੀਜਾ ਇਹ ਤੈਅ ਕਰਨ ਵਿਚ ਮਹੱਤਵਪੂਰਨ ਹੋ ਸਕਦਾ ਹੈ ਕਿ ਕੈਲੀਫੋਰਨੀਆ ਭਵਿੱਖ ਵਿਚ ਆਈਸ ਡਿਟੈਂਨਸ਼ਨ ਫੈਸੀਲਿਟੀ ਦੇ ਵਿਸਥਾਰ ਨੂੰ ਆਪਣੇ ਵਾਤਾਵਰਣ ਅਤੇ ਲੈਂਡ-ਯੂਜ਼ ਕਾਨੂੰਨਾਂ ਰਾਹੀਂ ਕਿੰਨੀ ਹੱਦ ਤੱਕ ਚੁਣੌਤੀ ਦੇ ਸਕਦਾ ਹੈ।

ਗਿਲਰੋਏ ਫੈਸੀਲਿਟੀ ਇਸ ਵੇਲੇ ਬੰਦ ਜਾਂ ਰੱਦ ਨਹੀਂ ਹੋਈ; ਉਸਦੀ ਉਸਾਰੀ ਅਸਥਾਈ ਤੌਰ 'ਤੇ ਰੁਕੀ ਹੋਈ ਹੈ, ਜਦਕਿ ਕੈਲੀਫੋਰਨੀਆ ਅਤੇ ਸਾਂਤਾ ਕਲਾਰਾ ਕਾਉਂਟੀ ਦੀ ਫੈਡਰਲ ਸਰਕਾਰ ਨਾਲ ਕਾਨੂੰਨੀ ਲੜਾਈ ਜਾਰੀ ਹੈ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


IAPW
INTERNATIONAL ASSOCIATION of PUNJABI WOMEN
28th Annual
One n One Only
Yuba City
Since 1999
JASMEEN AKHTAR
LIVE PERFORMANCE
LIVE IN YUBA CITY
6th SEPT 2026
11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
JOT RANJIT KAUR (SINGER & HOST)
PARM TAKHAR (HOST)
$10 MANDATORY RAFFLE ENTRY TICKET AT THE GATE FROM 10:00AM TO 3:00PM
$20 ENTRY TICKET 3:00PM TO 5:30PM
GATES CLOSE AT 5:30PM.
FOR PARTICIPATION, BOOTH BOOKINGS N SPONSORSHIP, PLEASE CONTACT
CALL : (530) 845-4800
KEERAT TAKHAR
HARNOOR KAUR
PINNU BRAR
DR. LOVELEEN SAMRA
BAL K SINDAL
NAVI GILL
HARDEEP HUNDAL
MANINDER MAAN
SHIVPREET BIHALA
HARDEEP BINNING
SUKHY JHUTTY
JASWANT DHILLON
SUKHNANDAN K LALLY
SITAL GURAYA
MANDEEP KAUR
MADHUPREET KAUR
UMBER MAAN

ONLY WAY TO GROW YOUR BUSINESS FASTER



BNG
(Business Network Gateway)



We work for you to
Boost Your Business

VIDEO ADVERTISEMENTS
We make professional video advertisements for your business in Punjabi, Hindi & English



POSTERS DESIGN
We design flyers, Posters and Post Cards to promote your business



BUSINESS CARD DESIGN
WE DESIGN YOUR BUSINESS CARD



SOCIAL MEDIA HANDLERS
We can manage your Business social media handlers Facebook, instagram & YouTube



24/7 TECH SUPPORT
We provide 24/7 tech support




For more information call
Boota Singh Basi +1 (209) 303-1260

# "ਹੋਰਮੁਜ਼ ਹੁਣ ਅਮਰੀਕਾ ਦਾ ਨਵਾਂ ਇਲਾਕਾ" ਰਾਸ਼ਟਰਪਤੀ ਟਰੰਪ ਨੇ ਕੀਤਾ ਵੱਡਾ ਦਾਅਵਾ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੋਰਮੁਜ਼ ਜਲਡਮਰੂਮੱਧ ਨੂੰ ਲੈ ਕੇ ਨਵਾਂ ਦਾਅਵਾ ਕੀਤਾ ਹੈ। ਉਨ੍ਹਾਂ ਨੇ 'ਟਰੂਥ ਸੋਸ਼ਲ' 'ਤੇ ਇੱਕ ਨਕਸ਼ਾ ਪੋਸਟ ਕੀਤਾ ਹੈ, ਜਿਸ ਵਿੱਚ ਹੋਰਮੁਜ਼ ਜਲਡਮਰੂਮੱਧ ਨੂੰ "ਅਮਰੀਕਾ ਦਾ ਨਵਾਂ ਇਲਾਕਾ" ਦੱਸਿਆ ਗਿਆ ਹੈ




ਟਰੰਪ ਨੇ ਨਕਸ਼ਾ ਜਾਰੀ ਕਰਦਿਆਂ ਦਾਅਵਾ ਕੀਤਾ ਹੈ ਕਿ ਹੋਰਮੁਜ਼ ਜਲਡਮਰੂਮੱਧ 'ਤੇ ਅਮਰੀਕਾ ਦਾ "ਪੂਰਾ ਕੰਟਰੋਲ" ਹੈ। ਇਹ ਜਲਡਮਰੂਮੱਧ ਊਰਜਾ ਦੀ ਢੋਆ-ਢੁਆਈ ਲਈ ਦੁਨੀਆ ਦੇ ਸਭ ਤੋਂ ਅਹਿਮ ਸਮੁੰਦਰੀ ਰਸਤਿਆਂ ਵਿੱਚੋਂ ਇੱਕ ਹੈ।

ਫਾਰਸ ਦੀ ਖਾੜੀ ਨੂੰ ਓਮਾਨ ਦੀ ਖਾੜੀ ਅਤੇ ਅਰਬ ਸਾਗਰ ਨਾਲ ਜੋੜਨ ਵਾਲੇ ਇਸ ਤੰਗ ਰਸਤੇ ਤੋਂ ਆਵਾਜਾਈ 'ਤੇ ਕੰਟਰੋਲ ਨੂੰ ਲੈ ਕੇ ਈਰਾਨ ਅਤੇ ਅਮਰੀਕਾ ਵਿੱਚ ਪਹਿਲਾਂ ਹੀ ਤਣਾਅ ਹੈ। ਈਰਾਨ ਨੇ ਫਰਵਰੀ ਦੇ ਅਖੀਰ ਵਿੱਚ ਇਜ਼ਰਾਈਲੀ-ਅਮਰੀਕੀ ਹਮਲੇ ਤੋਂ ਬਾਅਦ ਹੋਰਮੁਜ਼ ਨੂੰ ਬੰਦ ਕਰ ਦਿੱਤਾ ਸੀ।

ਤਦ ਤੋਂ ਇਸ ਰਸਤੇ ਤੋਂ ਜਹਾਜ਼ਾਂ ਦੀ ਆਵਾਜਾਈ ਪ੍ਰਭਾਵਿਤ ਹੋਈ ਹੈ। ਟਰੰਪ ਦੀ ਪੋਸਟ ਤੋਂ ਬਾਅਦ ਈਰਾਨ ਦੇ ਉਪ ਵਿਦੇਸ਼ ਮੰਤਰੀ ਕਾਜ਼ੇਮ ਗਰੀਬਾਬਾਦੀ ਨੇ ਕਿਹਾ ਕਿ ਹੋਰਮੁਜ਼ ਸਟ੍ਰੇਟ ਨੂੰ ਅਮਰੀਕਾ ਦਾ ਹਿੱਸਾ ਦੱਸਣਾ ਸਿਰਫ਼ ਇੱਕ ਗਲਤਫਹਿਮੀ ਹੈ।

ਉਨ੍ਹਾਂ ਨੇ ਤੰਜ ਕੱਸਦਿਆਂ ਕਿਹਾ ਕਿ ਟਰੰਪ ਨੂੰ ਜਲਦ ਹੀ ਸਮਝ ਆ ਜਾਵੇਗਾ ਕਿ ਇਸ ਸਮੁੰਦਰੀ ਰਸਤੇ 'ਤੇ ਅਮਰੀਕਾ ਦਾ ਕੋਈ ਅਧਿਕਾਰ ਨਹੀਂ ਹੈ।

# ਪੰਜਾਬ ਦਾ ਅਰਸ਼ਦੀਪ ਸਿੰਘ ਯੂਕੇ ਦੀ ਹਵਾਈ ਫ਼ੌਜ 'ਚ ਫਲਾਈਟ ਲੈਫਟੀਨੈਂਟ ਭਰਤੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਦਿੱਤੀ ਵਧਾਈ

**ਲੰਡਨ ਸਾਂਝੀ ਸੋਚ ਬਿਊਰੋ**



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਯੂਕੇ ਦੀ ਹਵਾਈ ਫ਼ੌਜ ਵਿੱਚ ਲੰਮੇ ਸਮੇਂ ਬਾਅਦ ਸਿੱਖ ਫਲਾਈਟ ਲੈਫਟੀਨੈਂਟ ਵਜੋਂ ਉੱਚ ਅਹੁਦਾ ਹਾਸਲ ਕਰਨ ਲਈ ਪੰਜਾਬੀ ਮੂਲ ਦੇ ਸਾਊਥਾਲ, ਯੂਕੇ ਵਿੱਚ ਰਹਿਣ ਵਾਲੇ ਸ. ਅਰਸ਼ਦੀਪ ਸਿੰਘ ਅਤੇ ਉਨ੍ਹਾਂ ਦੇ ਮਾਪਿਆਂ ਜਗਦੀਪ ਸਿੰਘ ਅਤੇ ਬੀਬੀ ਗਗਨਦੀਪ ਕੌਰ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਹੋਇਆ ਹੈ ਕਿ ਇੱਕ ਸਿੱਖ ਨੇ ਯੂਕੇ ਦੀ ਹਵਾਈ ਫ਼ੌਜ ਵਿੱਚ ਉੱਚ ਅਹੁਦਾ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਹੋਰ ਵੀ ਖ਼ੁਸ਼ੀ ਦੀ ਗੱਲ ਹੈ ਕਿ ਫਲਾਈਟ ਲੈਫਟੀਨੈਂਟ ਅਰਸ਼ਦੀਪ ਸਿੰਘ ਅਤੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਵਿਦੇਸ਼ ਵਿੱਚ ਰਹਿੰਦਿਆਂ ਵੀ ਸਿੱਖੀ ਰਵਾਇਤਾਂ ਅਤੇ ਪੰਜਾਬੀ ਮਾਂ ਬੋਲੀ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੇ ਸਿਧਾਂਤ ਉੱਤੇ ਚੱਲਦਿਆਂ ਅੱਜ ਦੁਨੀਆ ਵਿੱਚ ਉੱਚੇ ਮੁਕਾਮ ਹਾਸਲ ਕੀਤੇ ਹਨ ਅਤੇ ਸ. ਅਰਸ਼ਦੀਪ ਸਿੰਘ ਦੀ ਪ੍ਰਾਪਤੀ ਨਾਲ ਸਮੁੱਚੀ ਸਿੱਖ ਕੌਮ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੱਜ ਲੋੜ ਹੈ ਕਿ ਸਿੱਖ ਨੌਜਵਾਨ ਅਰਸ਼ਦੀਪ ਸਿੰਘ ਤੋਂ ਸੇਧ ਲੈ ਕੇ ਚੰਗੀ ਵਿਦਿਆ ਅਤੇ ਮਿਹਨਤ ਰਾਹੀਂ ਉੱਚੇ ਮੁਕਾਮਾਂ ਉੱਤੇ ਪਹੁੰਚਣ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿੱਚ ਸਿੱਖਿਆ ਦਿੱਤੀ ਹੈ ਕਿ ਸਾਨੂੰ ਆਪਣੇ ਜੀਵਨ ਵਿੱਚ ਹਮੇਸ਼ਾ ਹੀ ਅਗਾਂਹ ਵਧਣ ਲਈ ਤਾਂਘ ਤੇ ਉੱਦਮ ਕਰਨੇ ਚਾਹੀਦੇ ਹਨ ਅਤੇ ਪਿਛਾਂਹ ਨੂੰ ਨਹੀਂ ਮੁੜਨਾ ਚਾਹੀਦਾ।

# ਫਿਲੀਪੀਨਜ਼ ਦੇ ਸਕੂਲ ਵਿੱਚ ਵਿਦਿਆਰਥੀ ਨੇ ਇੱਕ ਵਿਦਿਆਰਥੀ ਨੂੰ ਗੋਲੀ ਮਾਰ ਕੇ ਕੀਤੀ ਖ਼ੁਦਕੁਸ਼ੀ

**ਫਿਲੀਪੀਨਜ਼ ਸਾਂਝੀ ਸੋਚ ਬਿਊਰੋ**

ਦੱਖਣੀ ਫਿਲੀਪੀਨਜ਼ ਵਿੱਚ ਦੋ ਬੰਦੂਕਾਂ ਨਾਲ ਲੈਸ ਇੱਕ ਵਿਦਿਆਰਥੀ ਨੇ ਆਪਣੇ ਕਲਾਸਮੇਟ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਫਿਰ ਖੁਦ ਵੀ ਆਪਣੇ ਆਪ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ ਗਈ। ਇਹ ਘਟਨਾ ਐਟੇਨੀਓ ਡੀ ਜ਼ੈਂਬੋਆਂਗਾ ਯੂਨੀਵਰਸਿਟੀ ਦੇ ਸਕੂਲ ਕੈਂਪਸ ਵਿੱਚ ਵਾਪਰੀ।



ਪੁਲਿਸ ਦਾ ਕਹਿਣਾ ਹੈ ਕਿ ਮੁਲਜ਼ਮ ਵਿਦਿਆਰਥੀ ਨੇ ਹਮਲੇ ਦੇ ਕੁਝ ਹਿੱਸੇ ਨੂੰ ਫੇਸਬੁੱਕ 'ਤੇ ਲਾਈਵ ਵੀ ਕੀਤਾ। ਇਸ ਘਟਨਾ ਕਾਰਨ ਸਕੂਲ ਵਿੱਚ ਦਹਿਸ਼ਤ ਫੈਲ ਗਈ ਅਤੇ ਵਿਦਿਆਰਥੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਗਿਆ।

ਪੁਲਿਸ ਦੇ ਅਨੁਸਾਰ, ਦੋਸ਼ੀ ਮੁਹੰਮਦ ਮੇਲ ਜਲਾਨੀ ਸੀ, ਜੋ ਕਿ 9ਵੀਂ ਜਮਾਤ ਦਾ ਵਿਦਿਆਰਥੀ ਸੀ। ਉਹ ਦੋ ਪਿਸਤੌਲਾਂ ਲੈ ਕੇ ਸਕੂਲ ਆਇਆ ਸੀ। ਉਸਨੇ ਪਹਿਲਾਂ ਇੱਕ ਅਧਿਆਪਕ ਨੂੰ ਗੋਲੀ ਮਾਰੀ, ਪਰ ਅਧਿਆਪਕ ਬਚ ਗਿਆ। ਫਿਰ ਉਸਨੇ 10ਵੀਂ ਜਮਾਤ ਦੇ ਇੱਕ ਵਿਦਿਆਰਥੀ ਨੂੰ ਗੋਲੀ ਮਾਰ ਦਿੱਤੀ। ਫਿਰ ਉਹ ਉੱਪਰਲੀ ਮੰਜ਼ਿਲ 'ਤੇ ਗਿਆ ਅਤੇ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ।

# ਕੈਨੇਡਾ 'ਚ ਪੰਜਾਬੀ ਕੁੜੀ ਦੀ ਗੋਲੀ ਲੱਗਣ ਕਾਰਨ ਸ਼ੱਕੀ ਹਾਲਾਤਾਂ 'ਚ ਮੌਤ

**ਓਟਵਾ ਸਾਂਝੀ ਸੋਚ ਬਿਊਰੋ**

ਕੈਨੇਡਾ ਦੇ ਐਡਮਿੰਟਨ ਵਿੱਚ ਇੱਕ ਪੰਜਾਬੀ ਕੁੜੀ ਦੀ ਸ਼ੱਕੀ ਹਾਲਾਤਾਂ 'ਚ ਗੋਲੀ ਲੱਗਣ ਕਾਰਨ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਜਦੋਂ ਪੁਲਿਸ ਨੂੰ ਘਟਨਾ ਦਾ ਪਤਾ ਲੱਗਿਆ ਤਾਂ ਉਹ ਮੌਕੇ 'ਤੇ ਪਹੁੰਚੀ ਤਾਂ ਪੁਲਿਸ ਨੇ ਉਸ ਨੂੰ ਹਸਪਤਾਲ 'ਚ ਦਾਖਲ ਕਰਵਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਕੁੜੀ ਦੀ ਪਛਾਣ 16 ਸਾਲਾ ਜੈਜ਼ਮੀਨ ਵੱਜੋਂ ਹੋਈ ਹੈ। ਐਡਮਿੰਟਨ ਪੁਲਿਸ ਸੇਵਾ ਦਾ ਕਤਲ ਵਿਭਾਗ ਮਾਮਲੇ ਦੀ ਜਾਂਚ ਕਰ ਰਿਹਾ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਐਡਮੰਟਨ ਪੁਲਿਸ ਹੋਮੀਸਾਈਡ ਸੈਕਸ਼ਨ (ਹੱਤਿਆਵਾਂ ਦੀ ਜਾਂਚ ਕਰਨ ਵਾਲਾ ਵਿਭਾਗ) ਨੇ ਤੁਰੰਤ ਜਾਂਚ ਆਪਣੇ ਹੱਥ ਵਿੱਚ ਲੈ ਲਈ ਹੈ। ਪੁਲਿਸ ਨੇ ਇਸ ਸਮੇਂ ਮੌਤ ਨੂੰ "ਸ਼ੱਕੀ ਮੌਤ" ਵਜੋਂ ਸ਼੍ਰੇਣੀਬੱਧ ਕੀਤਾ ਹੈ। ਅਧਿਕਾਰੀਆਂ ਨੇ ਅਜੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਕੀ ਕਿਸੇ ਸ਼ੱਕੀ ਦੀ ਪਛਾਣ ਕੀਤੀ ਗਈ ਹੈ, ਕੀ ਕੋਈ ਗ੍ਰਿਫ਼ਤਾਰੀ ਕੀਤੀ ਗਈ ਹੈ, ਜਾਂ ਗੋਲੀਬਾਰੀ ਦਾ ਕੀ ਕਾਰਨ ਸੀ।



ਪੋਸਟਮਾਰਟਮ ਰਿਪੋਰਟ ਪ੍ਰਾਪਤ ਹੋਣ ਤੋਂ ਬਾਅਦ ਹੀ ਮੌਤ ਦੇ ਸਹੀ ਕਾਰਨ ਦੀ ਪੁਸ਼ਟੀ ਕੀਤੀ ਜਾਵੇਗੀ, ਅਤੇ ਜਿਸ ਤੋਂ ਬਾਅਦ ਪੁਲਿਸ ਵੱਲੋਂ ਮਾਮਲੇ ਨੂੰ ਅਧਿਕਾਰਤ ਤੌਰ 'ਤੇ ਕਤਲ ਵਜੋਂ ਸ਼੍ਰੇਣੀਬੱਧ ਕੀਤਾ ਜਾਵੇਗਾ।




SANJHA ਪੰਜਾਬ USA
SANJHA PUNJAB USA
PRESENTS
Sufi Sham
with
HANSRAJ HANS
LIVE IN USA
HANSRAJ HANS
USA TOUR
2026
SEPT 5TH, 2026 (SATURDAY) | AT 8:00 PM
The Space at Westburry
250 Post Ave, Westbury, NY 11590
BRING YOUR FAMILY & FRIENDS
DON'T MISS IT!
FOR MORE INFO:
S. Balwinder S. Bajwa | +1 (516) 852-2222

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

In Loving Memory of

# Gurnam Singh Chatha



June 30, 1948 - August 16, 2026

**FUNERAL SERVICE:**
SUNDAY, AUGUST 23RD
1PM

CALLAGHAN MORTUARY & LIVERMORE
CREMATORY
3833 EAST AVE, LIVERMORE, CA 94550

**FOLLOWED BY ANTIM ARDAAS AT:**

LIVERMORE GURDWARA SAHIB
2089 GURDWARA STREET, 2089 N
LIVERMORE AVE, LIVERMORE, CA
94551

Gillson TRUCKING INC

NOW HIRING
TRUCK DRIVERS
CLASS A CDL

- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight

SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time · Pet Friendly · Rider Policy

SCAN QR CODE FOR APPLY NOW

HEALTH BENEFITS: Health · Dental · Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com

GET IN TOUCH gillsontrucking company/gillsontrucking www.teamgillson.com

# ਆਈਸੀਈ ਵੱਲੋਂ ਗ੍ਰਿਫ਼ਤਾਰ ਕਰੀਬ 70 ਫੀਸਦੀ ਲੋਕਾਂ 'ਤੇ ਅਪਰਾਧਿਕ ਦੋਸ਼ ਜਾਂ ਸਜ਼ਾਵਾਂ: ਡੀ.ਐੱਚ.ਐੱਸ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੇ 17 ਅਗਸਤ 2026 ਨੂੰ ਨਵੀਂ ਜਾਣਕਾਰੀ ਜਾਰੀ ਕਰਦਿਆਂ ਦੱਸਿਆ ਕਿ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਨੇ ਹਫ਼ਤੇ ਅੰਤ ਦੌਰਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਇਮੀਗ੍ਰੇਸ਼ਨ ਇਨਫੋਰਸਮੈਂਟ ਕਾਰਵਾਈਆਂ ਕਰਕੇ ਕਈ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਡੀ.ਐੱਚ.ਐੱਸ. ਨੇ ਆਪਣੀ ਤਾਜ਼ਾ ਰਿਲੀਜ਼ ਵਿਚ ਕਿਹਾ ਹੈ ਕਿ ਆਈਸ ਵੱਲੋਂ ਕੀਤੀਆਂ ਕੁੱਲ ਗ੍ਰਿਫ਼ਤਾਰੀਆਂ ਵਿਚੋਂ ਲਗਭਗ 70 ਫੀਸਦੀ ਲੋਕ ਅਜਿਹੇ ਹਨ, ਜਿਨ੍ਹਾਂ ਉੱਤੇ ਅਮਰੀਕਾ ਵਿਚ ਕਿਸੇ ਅਪਰਾਧ ਦਾ ਦੋਸ਼ ਲੱਗਿਆ ਹੈ ਜਾਂ ਉਹ ਪਹਿਲਾਂ ਕਿਸੇ ਅਪਰਾਧ ਵਿਚ ਦੋਸ਼ੀ ਠਹਿਰਾਏ ਜਾ ਚੁੱਕੇ ਹਨ। ਡੀ.ਐੱਚ.ਐੱਸ. ਮੁਤਾਬਕ ਹਫ਼ਤੇ ਅੰਤ ਦੀਆਂ ਕਾਰਵਾਈਆਂ ਵਿਚ ਕਤਲ, ਜਿਨਸੀ ਅਪਰਾਧ, ਹਿੰਸਕ ਹਮਲਿਆਂ ਅਤੇ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਮਾਮਲਿਆਂ




ਵਿਚ ਦੋਸ਼ੀ ਜਾਂ ਲੋੜੀਂਦੇ ਵਿਅਕਤੀਆਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ। ਸਰਕਾਰ ਨੇ ਇਸ ਕਾਰਵਾਈ ਨੂੰ ਆਪਣੀ ਮੌਜੂਦਾ ਇਮੀਗ੍ਰੇਸ਼ਨ ਇਨਫੋਰਸਮੈਂਟ ਮੁਹਿੰਮ ਦਾ ਹਿੱਸਾ ਦੱਸਿਆ ਹੈ। ਇਸੇ ਦਿਨ ਆਈਸ ਨੇ ਬੋਸਟਨ ਖੇਤਰ ਵਿਚ ਇੱਕ ਵੱਖਰੀ ਕਾਰਵਾਈ ਦੀ ਜਾਣਕਾਰੀ ਵੀ ਜਾਰੀ ਕੀਤੀ। ਏਜੰਸੀ ਮੁਤਾਬਕ ਬ੍ਰਾਜ਼ੀਲ ਦੇ ਇੱਕ ਵਿਅਕਤੀ ਨੂੰ ਟਾਰਗੇਟਿਡ ਓਪਰੇਸ਼ਨ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ, ਜਿਸਨੂੰ ਆਈਸ ਨੇ ਆਪਣੇ ਦੇਸ਼ ਵਿਚ ਗੰਭੀਰ ਕਤਲ ਲਈ ਦੋਸ਼ੀ ਵਿਦੇਸ਼ੀ ਭਗੌੜਾ ਦੱਸਿਆ ਹੈ। ਇਹ ਅਪਡੇਟ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਆਈਸ ਦੀਆਂ ਅੰਦਰੂਨੀ ਇਮੀਗ੍ਰੇਸ਼ਨ ਗ੍ਰਿਫਤਾਰੀਆਂ ਅਤੇ ਨਜ਼ਰਬੰਦੀ ਕਾਰਵਾਈਆਂ ਅਜੇ ਵੀ ਉੱਚ ਪੱਧਰ 'ਤੇ ਚੱਲ ਰਹੀਆਂ ਹਨ। ਹਾਲਾਂਕਿ ਡੀ.ਐੱਚ.ਐੱਸ. ਦੀ 17 ਅਗਸਤ ਦੀ ਰਿਲੀਜ਼ ਸਰਕਾਰ ਦਾ ਅਧਿਕਾਰਤ ਬਿਆਨ ਹੈ ਅਤੇ ਇਸ ਵਿਚ ਦਰਸਾਏ ਵਿਅਕਤੀਗਤ ਕੇਸਾਂ ਦੇ ਦੋਸ਼ਾਂ ਨੂੰ ਉਨ੍ਹਾਂ ਦੇ ਸੰਬੰਧਤ ਅਦਾਲਤੀ ਰਿਕਾਰਡ ਦੇ ਅਨੁਸਾਰ ਹੀ ਅੰਤਿਮ ਮੰਨਿਆ ਜਾਣਾ ਚਾਹੀਦਾ ਹੈ।

# ਸੈਂਟਰਲ ਪਾਰਕ ਹਾਦਸਾ: ਪੀੜਤ ਭਾਰਤੀ ਪਰਿਵਾਰ ਵੱਲੋਂ ਨਿਊਯਾਰਕ ਸਿਟੀ ਪ੍ਰਸ਼ਾਸਨ ਖ਼ਿਲਾਫ਼ ਕਾਨੂੰਨੀ ਕਾਰਵਾਈ, 105 ਮਿਲੀਅਨ ਡਾਲਰ ਹਰਜਾਨੇ ਦੀ ਕੀਤੀ ਮੰਗ

**ਨਿਊਯਾਰਕ ਸਾਂਝੀ ਸੋਚ ਬਿਊਰੋ**

ਜੂਨ 2026 ਵਿਚ ਅਮਰੀਕਾ ਵਿਚ ਘੋੜਾ ਗੱਡੀ ਹਾਦਸੇ ਵਿਚ ਮਾਰੇ ਗਏ ਭਾਰਤੀ ਕਿਸ਼ੋਰ ਰੋਮਾਂਚ ਮਹਾਜਨ ਦੇ ਪਰਿਵਾਰ ਨੇ ਨਿਊਯਾਰਕ ਸਿਟੀ ਪ੍ਰਸ਼ਾਸਨ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਹੈ। ਪਰਿਵਾਰ ਨੇ ਨਿਊਯਾਰਕ ਸਿਟੀ ਦੀ ਸਰਕਾਰ ਤੋਂ 105 ਮਿਲੀਅਨ ਡਾਲਰ ਮਤਲਬ 1004 ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ। ਪਿਛਲੇ ਹਫ਼ਤੇ ਸ਼ਹਿਰ ਪ੍ਰਸ਼ਾਸਨ ਕੋਲ ਦਾਇਰ ਕੀਤੇ ਗਏ ਇੱਕ ਨੋਟਿਸ ਵਿਚ ਪਰਿਵਾਰ ਨੇ ਦਾਅਵਾ ਕੀਤਾ ਕਿ ਸੈਂਟਰਲ ਪਾਰਕ ਵਿਚ ਬਿਜਲੀ ਲੀਕ ਹੋਣ ਕਾਰਨ ਘੋੜਾ ਡਰ ਗਿਆ। ਪਰਿਵਾਰ ਨੇ ਦੋਸ਼ ਲਗਾਇਆ ਕਿ ਇਹ ਹਾਦਸਾ ਪ੍ਰਸ਼ਾਸਨ ਦੀ ਲਾਪ੍ਰਵਾਹੀ ਦਾ ਨਤੀਜਾ ਸੀ। ਰੋਮਾਂਚ ਦਾ ਪਰਿਵਾਰ ਉਸਦੀ ਹਾਈ ਸਕੂਲ ਗ੍ਰੈਜੂਏਸ਼ਨ ਪੂਰੀ ਹੋਣ ਦੀ ਖੁਸ਼ੀ 'ਚ ਛੁੱਟੀਆਂ ਮਨਾਉਣ ਲਈ ਨਿਊਯਾਰਕ ਗਿਆ ਸੀ। 17 ਜੂਨ ਨੂੰ ਪਰਿਵਾਰ ਘੋੜਾ ਗੱਡੀ 'ਤੇ ਸਵਾਰ ਸੀ। ਜਦੋਂ ਡਰਾਈਵਰ ਫੋਟੋ ਖਿੱਚਣ ਲਈ ਹੇਠਾਂ ਉਤਰਿਆ, ਤਾਂ ਘੋੜਾ ਅਚਾਨਕ ਕਾਬੂ ਤੋਂ ਬਾਹਰ ਹੋ ਗਿਆ। ਘਟਨਾ ਦੌਰਾਨ ਰੋਮਾਂਚ ਦੀ ਮਾਂ ਪ੍ਰਿਆ ਗੱਡੀ ਤੋਂ ਡਿੱਗ ਪਈ। ਰੋਮਾਂਚ ਉਸਨੂੰ ਬਚਾਉਣ ਲਈ ਛਾਲ ਮਾਰ ਗਿਆ, ਪਰ ਉਸਦਾ ਸਿਰ ਜ਼ਮੀਨ ਨਾਲ ਟਕਰਾ ਗਿਆ। ਗੰਭੀਰ ਸੱਟਾਂ ਕਾਰਨ ਉਸਦੀ ਮੌਤ ਹੋ ਗਈ। ਪਰਿਵਾਰ ਨੇ ਸ਼ਹਿਰ ਪ੍ਰਸ਼ਾਸਨ ਅਤੇ ਇਸਦੇ ਚਾਰ ਵਿਭਾਗਾਂ ਵਿਰੁੱਧ ਨੋਟਿਸ ਦਾਇਰ ਕੀਤੇ ਹਨ।



ਇਹ ਅਦਾਲਤ ਵਿਚ ਮੁਕੱਦਮਾ ਦਾਇਰ ਕਰਨ ਵੱਲ ਪਹਿਲਾ ਕਦਮ ਹੈ। ਪਰਿਵਾਰ ਦਾ ਦੋਸ਼ ਹੈ ਕਿ ਪ੍ਰਸ਼ਾਸਨ ਦੀ ਲਾਪ੍ਰਵਾਹੀ ਕਾਰਨ ਇਹ ਹਾਦਸਾ ਵਾਪਰਿਆ। ਪਰਿਵਾਰ ਨੇ ਦਾਅਵਾ ਕੀਤਾ ਕਿ ਬਿਜਲੀ ਦੇ ਲੀਕ ਸਮੇਤ ਕਈ ਕਾਰਕਾਂ ਨੇ ਘੋੜੇ ਨੂੰ ਕੰਟਰੋਲ ਗੁਆਉਣ, ਇਸ ਘਟਨਾ ਦਾ ਕਾਰਨ ਬਣਨ ਵਿਚ ਯੋਗਦਾਨ ਪਾਇਆ। ਬਿਜਲੀ ਵੋਲਟੇਜ ਸੰਬੰਧੀ ਇਹ ਦਾਅਵਾ ਟਰਾਂਸਪੋਰਟ ਵਰਕਰਜ਼ ਯੂਨੀਅਨ ਦੁਆਰਾ ਵੀ ਉਠਾਇਆ ਗਿਆ ਸੀ, ਜਿਸ ਨਾਲ ਘੋੜਾ-ਗੱਡੀ ਚਾਲਕ ਅਰਟਨ ਗੋਕਡੇਪੇ ਸਬੰਧਤ ਸੀ। ਡਰਾਈਵਰ ਦੇ ਬਚਾਅ 'ਚ ਸਥਾਨਕ ਯੂਨੀਅਨ ਦੇ ਉਪ-ਪ੍ਰਧਾਨ ਅਲੈਗਜ਼ੈਂਡਰ ਕੈਂਪ ਨੇ ਪਿਛਲੇ ਮਹੀਨੇ ਕਿਹਾ ਸੀ, "ਬਲੂ-ਕਾਲਰ ਘੋੜਾ-ਗੱਡੀ ਚਾਲਕਾਂ ਨੂੰ ਸ਼ਹਿਰ ਦੇ ਪਾਵਰ ਗਰਿੱਡ ਵਿਚ ਖਾਮੀਆਂ ਕਾਰਨ ਪੈਦਾ ਹੋਏ ਅਣਕਿਆਸੇ ਖ਼ਤਰੇ ਲਈ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ।" ਰੋਮਾਂਚ ਦੇ ਪਿਤਾ ਦੀਪਕ ਮਹਾਜਨ ਨੇ ਪਿਛਲੇ ਮਹੀਨੇ ਵੀਡੀਓ ਲਿੰਕ ਰਾਹੀਂ ਸਿਟੀ ਕੌਂਸਲ ਨੂੰ ਇੱਕ ਭਾਵੁਕ ਅਪੀਲ ਕੀਤੀ ਸੀ, ਜਿਸ ਵਿਚ ਘੋੜਿਆਂ ਨਾਲ ਖਿੱਚੀਆਂ ਗੱਡੀਆਂ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ, "ਇੱਕ ਛੋਟਾ ਮੁੰਡਾ ਸੁਪਨਿਆਂ ਨਾਲ ਭਰਿਆ ਅਮਰੀਕਾ ਆਇਆ ਅਤੇ ਸਾਨੂੰ ਬਹੁਤ ਜਲਦੀ ਛੱਡ ਗਿਆ।" ਉਨ੍ਹਾਂ ਕਿਹਾ, "ਇਹ ਕੋਈ ਅਚਾਨਕ ਹਾਦਸਾ ਨਹੀਂ ਸੀ। ਇਹ ਸੁਰੱਖਿਆ ਨਿਯਮਾਂ ਦੀ ਉਲੰਘਣਾ ਸੀ ਅਤੇ ਲੋਕਾਂ ਦੀ ਸੁਰੱਖਿਆ ਵਿਚ ਇੱਕ ਪ੍ਰਣਾਲੀਗਤ ਅਸਫਲਤਾ ਸੀ। ਤੁਹਾਡੇ ਸ਼ਹਿਰ ਵਿਚ ਆਉਣ ਵਾਲੇ ਲੋਕਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹਰ ਵਿਅਕਤੀ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ। ਹਰ ਕੋਈ ਇਸ ਗੱਲ ਨਾਲ ਸਹਿਮਤ ਹੈ ਕਿ ਡਰਾਈਵਰ ਨੂੰ ਉਸ ਗੱਡੀ ਨੂੰ ਨਹੀਂ ਛੱਡਣਾ ਚਾਹੀਦਾ ਸੀ।"

# ਬੱਚਿਆਂ 'ਤੇ ਸੋਸ਼ਲ ਮੀਡੀਆ ਦੇ ਅਸਰ ਨੂੰ ਲੈ ਕੇ ਮੈਟਾ ਵਿਰੁੱਧ 1.4 ਲੱਖ ਕਰੋੜ ਡਾਲਰ ਦਾ ਮੁਕੱਦਮਾ !

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕਾ ਵਿਚ ਸੋਸ਼ਲ ਮੀਡੀਆ ਦਿੱਗਜ ਮੈਟਾ ਵਿਰੁੱਧ ਬੱਚਿਆਂ ਦੀ ਸੁਰੱਖਿਆ ਨਾਲ ਜੁੜਿਆ ਇੱਕ ਬਹੁਤ ਹੀ ਮਹੱਤਵਪੂਰਨ ਮੁਕੱਦਮਾ ਕੈਲੀਫੋਰਨੀਆ ਦੀ ਅਦਾਲਤ ਵਿਚ ਸ਼ੁਰੂ ਹੋਣ ਜਾ ਰਿਹਾ ਹੈ। ਅਮਰੀਕਾ ਦੇ ਕਈ ਰਾਜਾਂ ਨੇ ਫੇਸਬੁੱਕ ਅਤੇ ਇੰਸਟਾਗ੍ਰਾਮ ਦੀ ਮਾਲਕ ਕੰਪਨੀ ਮੈਟਾ 'ਤੇ ਦੋਸ਼ ਲਾਇਆ ਹੈ ਕਿ ਉਸ ਨੇ ਜਾਣਬੁੱਝ ਕੇ ਅਜਿਹੇ ਫੀਚਰ ਤਿਆਰ ਕੀਤੇ ਹਨ, ਜੋ ਬੱਚਿਆਂ ਨੂੰ ਆਪਣੇ ਪਲੇਟਫਾਰਮਾਂ ਦਾ ਆਦੀ ਬਣਾਉਂਦੇ ਹਨ। ਇਸ ਮਾਮਲੇ ਵਿਚ ਕੰਪਨੀ ਤੋਂ ਲਗਭਗ 1.4 ਲੱਖ ਕਰੋੜ ਅਮਰੀਕੀ ਡਾਲਰ ਦੇ ਭਾਰੀ ਹਰਜਾਨੇ ਦੀ ਮੰਗ ਕੀਤੀ ਗਈ ਹੈ, ਜੋ ਕਿ ਮੈਟਾ ਦੀ ਕੁੱਲ ਮਾਰਕੀਟ ਵੈਲਿਊ ਦੇ ਬਰਾਬਰ ਹੈ। ਮੁਕੱਦਮੇ ਵਿਚ ਦੋਸ਼ ਲਗਾਇਆ ਗਿਆ ਹੈ ਕਿ ਮੈਟਾ ਨੇ ਮੁਨਾਫ਼ਾ ਕਮਾਉਣ ਲਈ ਨੌਜਵਾਨਾਂ ਅਤੇ ਕਿਸ਼ੋਰਾਂ ਨੂੰ ਆਪਣੇ ਜਾਲ ਵਿਚ ਫਸਾਉਣ ਲਈ ਸ਼ਕਤੀਸ਼ਾਲੀ ਅਤੇ ਅਣਉਚਿਤ ਤਕਨੀਕਾਂ ਦੀ ਵਰਤੋਂ ਕੀਤੀ ਹੈ। ਰਾਜਾਂ ਦਾ ਕਹਿਣਾ ਹੈ ਕਿ ਇਸ ਕਾਰਨ ਨੌਜਵਾਨਾਂ ਵਿਚ ਮਾਨਸਿਕ ਸਿਹਤ ਦਾ ਸੰਕਟ ਪੈਦਾ ਹੋ ਰਿਹਾ ਹੈ। ਇਸ ਤੋਂ ਇਲਾਵਾ ਕੰਪਨੀ 'ਤੇ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਡੇਟਾ ਉਨ੍ਹਾਂ ਦੇ ਮਾਪਿਆਂ



ਦੀ ਸਹਿਮਤੀ ਤੋਂ ਬਿਨਾਂ ਇਕੱਠਾ ਕਰਨ ਦਾ ਵੀ ਦੋਸ਼ ਹੈ, ਜੋ ਕਿ ਫੈਡਰਲ ਕਾਨੂੰਨ ਦੀ ਉਲੰਘਣਾ ਹੈ। ਜੇਕਰ ਅਦਾਲਤ ਮੈਟਾ ਨੂੰ ਦੋਸ਼ੀ ਪਾਉਂਦੀ ਹੈ ਅਤੇ ਇੰਨੀ ਵੱਡੀ ਰਕਮ ਦਾ ਜੁਰਮਾਨਾ ਲਗਾਉਂਦੀ ਹੈ, ਤਾਂ ਇਹ ਕੰਪਨੀ ਨੂੰ ਦਿਵਾਲੀਆ ਕਰ ਸਕਦਾ ਹੈ। ਰਿਪੋਰਟਾਂ ਅਨੁਸਾਰ ਇਸ ਸਾਲ ਕੰਪਨੀ ਪਹਿਲਾਂ ਹੀ ਬੱਚਿਆਂ ਦੇ ਨੁਕਸਾਨ ਨਾਲ ਜੁੜੇ ਦੋ ਅਹਿਮ ਕੇਸ ਹਾਰ ਚੁੱਕੀ ਹੈ, ਜਿਸ ਕਾਰਨ ਉਸ ਦੇ ਮੁਨਾਫ਼ੇ ਵਿਚ ਭਾਰੀ ਗਿਰਾਵਟ ਦੇਖੀ ਗਈ ਹੈ। ਦੂਜੇ ਪਾਸੇ, ਮੈਟਾ ਨੇ ਇਨ੍ਹਾਂ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਕੰਪਨੀ ਦਾ ਕਹਿਣਾ ਹੈ ਕਿ ਉਸ ਨੇ ਹਮੇਸ਼ਾ ਨੌਜਵਾਨਾਂ ਦੀ ਸੁਰੱਖਿਆ ਲਈ ਕੰਮ ਕੀਤਾ ਹੈ ਅਤੇ ਮਾਪਿਆਂ ਤੇ ਮਾਹਰਾਂ ਦੇ ਸੁਝਾਵਾਂ 'ਤੇ ਖੋਜ ਕੀਤੀ ਹੈ। ਮੈਟਾ ਨੇ ਦੱਸਿਆ ਕਿ 2024 ਵਿਚ ਉਨ੍ਹਾਂ ਨੇ 'ਟੀਨ ਅਕਾਊਂਟ' ਵਰਗੇ ਨਵੇਂ ਫੀਚਰ ਪੇਸ਼ ਕੀਤੇ ਹਨ, ਜਿਨ੍ਹਾਂ ਵਿਚ ਮਾਪਿਆਂ ਦਾ ਕੰਟਰੋਲ ਅਤੇ ਸਮੱਗਰੀ 'ਤੇ ਸਖ਼ਤ ਪਾਬੰਦੀਆਂ ਹੁੰਦੀਆਂ ਹਨ। ਮੁਕੱਦਮੇ ਦੌਰਾਨ ਜਿਊਰੀ ਮੈਂਬਰਾਂ ਤੋਂ ਪੁੱਛਿਆ ਗਿਆ ਕਿ ਕੀ ਉਹ ਸੋਸ਼ਲ ਮੀਡੀਆ ਨੂੰ ਬੱਚਿਆਂ ਦੀ ਮਾਨਸਿਕ ਸਿਹਤ ਦੇ ਵਿਗੜਨ ਲਈ ਜ਼ਿੰਮੇਵਾਰ ਮੰਨਦੇ ਹਨ। ਕਈਆਂ ਨੇ ਮੰਨਿਆ ਕਿ ਕੰਪਨੀ ਦੀ ਭੂਮਿਕਾ ਹੈ, ਪਰ ਨਾਲ ਹੀ ਮਾਪਿਆਂ ਦੀ ਜ਼ਿੰਮੇਵਾਰੀ ਅਤੇ ਦੁਨੀਆਂ ਦੀ ਮੌਜੂਦਾ ਸਥਿਤੀ (ਜਿਵੇਂ ਜਲਵਾਯੂ ਪਰਿਵਰਤਨ) ਨੂੰ ਵੀ ਮਹੱਤਵਪੂਰਨ ਕਾਰਕ ਦੱਸਿਆ। ਅਦਾਲਤ ਦੀ ਇਸ ਸੁਣਵਾਈ 'ਤੇ ਪੂਰੀ ਦੁਨੀਆਂ ਦੀ ਨਜ਼ਰ ਟਿਕੀ ਹੋਈ ਹੈ, ਕਿਉਂਕਿ ਇਸ ਦਾ ਫੈਸਲਾ ਸੋਸ਼ਲ ਮੀਡੀਆ ਦੇ ਭਵਿੱਖ ਨੂੰ ਬਦਲ ਸਕਦਾ ਹੈ।

Space available for Ad
Contact # +1 (209) 303-1260
Contact # +91 81463-20009

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)
295/75R22.5
$2600
With Installation
Singh: 510-766-9382

**JK JETSTEEL JDH**
SPECIAL OFFER !!
DRIVE TIRE
11R22.5-
With Installation
Singh: 510-766-9382

**Firestone FS591**
SPECIAL OFFER !!
STEER TIRE
295/75R22.5
With Installation
Singh: 510-766-9382
11R22.5
With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**
SPECIAL OFFER !!
TRAILER TIRE
11R22.5-
11R24.5-
With Installation
Singh: 510-766-9382

**JETWAY JTH SD**
SPECIAL OFFER !!
TRAILER TIRE
295/75R22.5-
With Installation
Singh: 510-766-9382

**JK JETSTEEL JDL2**
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382

FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

2955 N. Wilson Way Stockton , CA 95205


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

WE HAVE THE CHEAPEST FARES TO INDIA

# LEGEND TRAVEL




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US
(510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA

# ਡੀਜੀਪੀ ਗੌਰਵ ਯਾਦਵ ਵੱਲੋਂ "ਮੇਨਸਟਰੀਮਿੰਗ ਆਫ਼ ਵੂਮੈਨ ਇਨ ਪੰਜਾਬ ਪੁਲਿਸ" ਵਿਸ਼ੇ 'ਤੇ ਤੀਜੇ ਗੇੜ ਦੇ ਲਿੰਗ ਸੰਵੇਦਨਸ਼ੀਲਤਾ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇੱਕ ਸਮਾਵੇਸ਼ੀ, ਪੀੜਤ-ਕੇਂਦਰਿਤ ਅਤੇ ਲਿੰਗ-ਸੰਵੇਦਨਸ਼ੀਲ ਪੁਲਿਸ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇਥੇ ਫ਼ਿਲੌਰ ਸਥਿਤ 134 ਸਾਲ ਪੁਰਾਣੀ ਇਤਿਹਾਸਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲਿਸ ਅਕੈਡਮੀ (ਐੱਮਆਰਐੱਸਪੀਪੀਏ) ਵਿਖੇ ਲਿੰਗ ਸੰਵੇਦਨਸ਼ੀਲਤਾ ਪ੍ਰੋਜੈਕਟ, "ਮੇਨਸਟਰੀਮਿੰਗ ਆਫ਼ ਵੂਮੈਨ ਇਨ ਪੰਜਾਬ ਪੁਲਿਸ" ਅਧੀਨ ਤੀਜੇ ਗੇੜ ਦੇ ਤਿੰਨ ਦਿਨਾ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ ਕੀਤਾ।

ਇਹ ਪਹਿਲਕਦਮੀ ਪੰਜਾਬ ਪੁਲਿਸ ਦੇ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀ.ਏ.ਡੀ.) ਵੱਲੋਂ ਜੇ-ਪਾਲ ਸਾਊਥ ਏਸ਼ੀਆ ਅਤੇ ਹਰਟੇਕ ਫਾਊਂਡੇਸ਼ਨ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਇੱਕ ਵਿਆਪਕ ਇੰਪੈਕਟ ਅਸੈਸਮੈਂਟ ਟ੍ਰੇਨਿੰਗ ਪ੍ਰੋਗਰਾਮ ਹੈ। ਦਸੰਬਰ 2025 ਤੋਂ ਚਲਾਈ ਜਾ ਰਹੀ ਲਿੰਗ ਸੰਵੇਦਨਸ਼ੀਲ ਸਿਖਲਾਈ ਦਾ ਇਹ ਤੀਜਾ ਅਤੇ ਆਖ਼ਰੀ ਗੇੜ ਹੈ। ਇਸ ਗੇੜ ਦੀ ਸਿਖਲਾਈ ਵਿੱਚ ਵਿਸ਼ੇਸ਼ ਗਰੁੱਪਾਂ ਅਧੀਨ ਕੁੱਲ 1,453 ਨਾਮਜ਼ਦ ਪੁਲਿਸ ਕਰਮੀਆਂ ਨੂੰ ਸ਼ਾਮਲ ਕੀਤਾ ਜਾਵੇਗਾ, ਜਿਸ ਵਿੱਚ ਪਹਿਲੇ ਦਿਨ ਮਿਕਸਡ ਗਰੁੱਪ (ਟੀ3), ਦੂਜੇ ਦਿਨ ਸਿਰਫ਼ ਪੁਰਸ਼ਾਂ ਦਾ ਗਰੁੱਪ (ਟੀ2) ਅਤੇ ਤੀਜੇ ਦਿਨ ਸਿਰਫ਼ ਮਹਿਲਾਵਾਂ ਦਾ ਗਰੁੱਪ (ਟੀ1) ਸ਼ਾਮਲ ਹੋਵੇਗਾ। ਡੀਜੀਪੀ ਨੇ ਕਿਹਾ, "ਸੂਬਾ ਪੱਧਰੀ ਥ੍ਰੀ ਟ੍ਰੇਨਿੰਗ ਰਾਊਂਡਜ਼ ਰਾਹੀਂ 384 ਪੁਲਿਸ ਥਾਣਿਆਂ ਦੇ 1,500-2,000 ਪੁਲਿਸ ਕਰਮਚਾਰੀਆਂ ਨੂੰ ਲਿੰਗ-ਸੰਵੇਦਨਸ਼ੀਲ, ਹੱਕ-ਅਧਾਰਤ ਅਤੇ ਪੀੜਤ-ਕੇਂਦਰਿਤ ਪੁਲਿਸਿੰਗ ਲਈ ਲੋੜੀਂਦੇ ਹੁਨਰ ਅਤੇ ਸੂਝ-ਬੂਝ ਨਾਲ ਲੈਸ ਕੀਤਾ ਜਾ ਰਿਹਾ ਹੈ, ਜਿਸ ਵਿੱਚ ਔਰਤਾਂ, ਬੱਚਿਆਂ ਅਤੇ ਹੋਰ ਕਮਜ਼ੋਰ ਵਰਗਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ।"

ਇਸ ਮੌਕੇ ਡੀਜੀਪੀ ਗੌਰਵ ਯਾਦਵ ਨੇ ਪੰਜਾਬ ਪੁਲਿਸ ਦੇ 'ਸਾਂਝ' ਪਲੇਟਫਾਰਮ 'ਤੇ ਰੱਖਿਆ ਮੰਤਰਾਲੇ ਦੀ ਵੈਰੀਫਿਕੇਸ਼ਨ ਲਈ ਆਨਲਾਈਨ



ਡਿਜੀਟਲ ਪੋਰਟਲ ਵੀ ਲਾਂਚ ਕੀਤਾ। ਇਹ ਡਿਜੀਟਲ ਪਹਿਲ ਇੱਕ ਵੱਡਾ ਮੀਲ ਪੱਥਰ ਹੈ, ਜੋ ਨਵੇਂ ਭਰਤੀ ਹੋਏ ਰੱਖਿਆ ਕਰਮਚਾਰੀਆਂ ਦੀ ਵੈਰੀਫਿਕੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਮਹੀਨਿਆਂ ਦੇ ਸਮੇਂ ਨੂੰ ਘਟਾ ਕੇ ਕੁਝ ਦਿਨਾਂ ਵਿੱਚ ਤਬਦੀਲ ਕਰਨ ਲਈ ਦੇ ਉਦੇਸ਼ ਨਾਲ ਕੀਤੀ ਗਈ ਹੈ।

ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਨਾਗਰਿਕ-ਕੇਂਦਰਿਤ ਪੁਲਿਸਿੰਗ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਅਧਿਕਾਰੀਆਂ ਨੂੰ ਥਾਣਿਆਂ ਵਿੱਚ ਪਹੁੰਚਣ ਵਾਲੇ ਸਾਰੇ ਸ਼ਿਕਾਇਤਕਰਤਾਵਾਂ ਨਾਲ ਆਪਣੀ ਰੋਜ਼ਾਨਾ ਗੱਲਬਾਤ ਵਿੱਚ ਹਮਦਰਦੀ ਅਤੇ ਸੰਵੇਦਨਸ਼ੀਲਤਾ ਲਿਆਉਣ ਲਈ ਪ੍ਰੇਰਿਤ ਕੀਤਾ।

ਪੰਜਾਬ ਸਰਕਾਰ ਵੱਲੋਂ ਪੁਲਿਸ ਵਿਭਾਗ ਸਮੇਤ ਹੋਰ ਸਰਕਾਰੀ ਸੇਵਾਵਾਂ ਵਿੱਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਲਾਗੂ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੁਲਿਸ ਤੰਤਰ ਹੋਰ ਵੀ ਸਰਗਰਮ, ਸੁਚਾਰੂ ਤੇ ਬਿਹਤਰ ਹੋਣਾ ਚਾਹੀਦਾ ਹੈ ਅਤੇ ਔਰਤਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਦੀ ਲੋੜ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਹਿਲਾ ਅਧਿਕਾਰੀਆਂ ਨੂੰ ਰੁਟੀਨ ਡੈਸਕ ਡਿਊਟੀਆਂ ਤੱਕ ਸੀਮਤ ਨਹੀਂ ਰੱਖਿਆ ਜਾਣਾ ਚਾਹੀਦਾ ਸਗੋਂ ਜਾਂਚ, ਖੁਫੀਆ ਜਾਣਕਾਰੀ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਨਾਲ ਸਬੰਧੀ ਜ਼ਿੰਮੇਵਾਰੀਆਂ ਵੀ ਸੌਂਪੀਆਂ ਜਾਣੀਆਂ ਚਾਹੀਦੀਆਂ ਹਨ। ਸਪੈਸ਼ਲ ਡੀਜੀਪੀ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਗੁਰਪ੍ਰੀਤ ਕੌਰ ਦਿਓ ਨੇ ਦੱਸਿਆ ਕਿ ਇਹ ਪ੍ਰੋਗਰਾਮ ਇੱਕ ਵਿਆਪਕ ਟ੍ਰੇਨਿੰਗ ਆਫ਼ ਟਰੇਨਰਜ਼ (ਟੀਓਟੀ) ਮਾਡਲ ਦੀ ਮੁਤਾਬਿਕ ਕੰਮ ਕਰਦਾ ਹੈ, ਜਿਸ ਤਹਿਤ ਵੱਖ-ਵੱਖ ਜ਼ਿਲ੍ਹਿਆਂ ਦੇ 60 ਪੁਲਿਸ ਅਧਿਕਾਰੀਆਂ ਨੂੰ ਮਾਸਟਰ ਟ੍ਰੇਨਰ ਵਜੋਂ ਤਿਆਰ ਕੀਤਾ ਗਿਆ ਹੈ ਤਾਂ ਜੋ ਪੁਲਿਸ ਸਟੇਸ਼ਨ ਪੱਧਰ 'ਤੇ ਕਰਮਚਾਰੀਆਂ ਨੂੰ ਮਿਆਰੀ ਮਾਡਿਊਲ ਸੌਂਪ ਕੇ ਪ੍ਰਭਾਵਸ਼ਾਲੀ ਅਤੇ ਬਿਹਤਰ ਤਾਲਮੇਲ ਯਕੀਨੀ ਬਣਾਈ ਜਾ ਸਕੇ।

ਇਸ ਤੋਂ ਪਹਿਲਾਂ ਡੀਜੀਪੀ ਗੌਰਵ ਯਾਦਵ ਨੇ ਸਪੈਸ਼ਲ ਡੀਜੀਪੀ ਗੁਰਪ੍ਰੀਤ ਕੌਰ ਦਿਓ ਦੇ ਨਾਲ ਉੱਘੇ ਸਾਬਕਾ ਪੁਲਿਸ ਅਧਿਕਾਰੀਆਂ ਅਤੇ ਮੁੱਖ ਟਰੇਨਰਾਂ, ਜਿਨ੍ਹਾਂ ਵਿੱਚ ਮਹਾਰਾਸ਼ਟਰ ਕੇਡਰ ਦੇ ਸਾਬਕਾ ਡੀਜੀਪੀ ਮੀਰਨ ਚੱਢਾ ਬੋਰਵਾਂਕਰ ਅਤੇ ਪੰਜਾਬ ਕੇਡਰ ਦੇ ਸਾਬਕਾ ਡੀਜੀਪੀ ਆਰ. ਸੀ. ਸਿੰਘ ਸ਼ਾਮਲ ਸਨ, ਦਾ ਸਵਾਗਤ ਕੀਤਾ। ਆਰ.ਸੀ. ਸਿੰਘ ਨੇ "ਜੈਂਡਰ-ਰਿਸਪਾਂਸਿਵ ਪੁਲਿਸਿੰਗ: ਦ੍ਰਿਸ਼ਟੀਕੋਣ ਤੋਂ ਅਭਿਆਸ ਤੱਕ"ਵਿਸ਼ੇ 'ਤੇ ਅਹਿਮ ਸੈਸ਼ਨ ਦਾ ਸੰਚਾਲਨ ਕੀਤਾ। ਜਦੋਂ ਕਿ ਮੀਰਨ ਸੀ. ਬੋਰਵਾਂਕਰ ਨੇ "ਪੁਲਿਸਿੰਗ ਵਿੱਚ ਔਰਤਾਂ - ਲੀਡਰਸ਼ਿਪ ਅਤੇ ਸ਼ਮੂਲੀਅਤ" ਵਿਸ਼ੇ 'ਤੇ ਸੈਸ਼ਨਾਂ ਦੀ ਅਗਵਾਈ ਕੀਤੀ।

ਇਸ ਦੌਰਾਨ ਰੱਖਿਆ ਮੰਤਰਾਲੇ ਦੇ ਮਨੁੱਖੀ ਸਰੋਤ ਨਿਰਦੇਸ਼ਕ ਆਰੋਨ ਪਾਮੀ ਨੇ ਪੰਜਾਬ ਪੁਲਿਸ ਦੇ ਸਰਗਰਮ ਸ਼ਾਸਨ ਦੀ ਸ਼ਲਾਘਾ ਕੀਤੀ ਅਤੇ ਸਾਂਝ ਪੋਰਟਲ 'ਤੇ ਆਨਲਾਈਨ ਡਿਜੀਟਲ ਵੈਰੀਫਿਕੇਸ਼ਨ ਮਾਡਿਊਲ ਵਿਕਸਤ ਕਰਨ ਲਈ ਡੀਜੀਪੀ ਅਤੇ ਆਈਟੀ ਟੀਮ ਦਾ ਧੰਨਵਾਦ ਕੀਤਾ। ਉਦਘਾਟਨੀ ਸਮਾਗਮ ਦੌਰਾਨ ਜੀ.ਜੀ.ਡੀ.ਐਸ.ਡੀ. ਕਾਲਜ, ਚੰਡੀਗੜ੍ਹ ਦੇ ਲੋਕ ਸੰਚਾਰ ਵਿਭਾਗ ਵੱਲੋਂ ਘਰੇਲੂ ਹਿੰਸਾ 'ਤੇ ਅਧਾਰਿਤ ਇੱਕ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ।

# ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਸ਼ਹਿਰ ਵਿੱਚ ਰੋਸ ਮਾਰਚ ਕਰਕੇ ਪੰਜਾਬ ਸਰਕਾਰ ਦੀ ਅਰਥੀ ਸਾੜੀ

ਸੰਗਰੂਰ
ਸਾਂਝੀ ਸੋਚ ਬਿਊਰੋ

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ ਸਾਂਝਾ ਫਰੰਟ ਅਤੇ ਪੰਜਾਬ ਮੁਲਾਜ਼ਮ ਮੰਚ ਦੀ ਸਾਂਝੀ ਤਾਲਮੇਲ ਕਮੇਟੀ ਦੇ ਸੂਬਾ ਪੱਧਰੀ ਸੱਦੇ ਅਨੁਸਾਰ ਅੱਜ ਭਵਾਨੀਗੜ੍ਹ ਵਿਖੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਜ ਦੀਆਂ ਮੰਗਾਂ ਪ੍ਰਤੀ ਨਾਂਹ ਪੱਖੀ ਰਵੱਈਆ ਅਪਣਾਉਣ ਕਾਰਨ ਸੈਂਕੜੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਡੀਟੀਐੱਫ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ, ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਸਿੱਧੂ, ਜਨਰਲ ਸਕੱਤਰ ਕੇਵਲ ਸਿੰਘ ਸਿੱਧੂ, ਪੁਲਿਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ , ਸਿਹਤ ਵਿਭਾਗ ਤੋਂ ਬਲਦੇਵ ਸਿੰਘ, ਵੈਟਰਨਰੀ ਇੰਸਪੈਕਟਰ ਐਸੋਸੀਐਸਨ ਦੇ ਹਰਿੰਦਰ ਪਾਲ, ਸਫ਼ਾਈ ਕਰਮਚਾਰੀ ਯੂਨੀਅਨ ਪ੍ਰਧਾਨ ਜਗਮੇਲ ਸਿੰਘ, ਰਾਮਸਰੂਪ, ਬਾਬਾ ਜੀਵਨ ਸਿੰਘ ਕਮੇਟੀ ਦੇ ਪ੍ਰਧਾਨ ਗੁਰਨਾਮ ਸਿੰਘ, ਹਰੀ ਸਿੰਘ, ਡਾ. ਬੀ ਆਰ ਅੰਬੇਡਕਰ ਚੇਤਨਾ ਮੰਚ ਦੇ ਪ੍ਰਧਾਨ ਬਲਕਾਰ ਸਿੰਘ, ਸਮੇਤ ਸਾਥੀਆਸੀਨੀਅਰ ਸੀਟੀਜਨ ਦੇ ਪ੍ਰਧਾਨ ਚਰਨ ਸਿੰਘ ਚੋਪੜਾ, ਐੱਸਸੀਬੀਸੀ ਅਧਿਆਪਕ ਯੂਨੀਅਨ ਦੇ ਆਗੂ ਕੰਵਲਜੀਤ ਸਿੰਘ, ਗੌਰਮਿੰਟ ਟੀਚਰਜ਼ ਯੂਨੀਅਨ ਦੇ ਆਗੂ ਗੁਰਲਾਭ ਸਿੰਘ ਦੀ ਅਗਵਾਈ ਵਿੱਚ ਰੈਲੀ ਕਰਨ ਉਪਰੰਤ ਸ਼ਹਿਰ ਦੇ ਪ੍ਰਮੁੱਖ ਬਜ਼ਾਰਾਂ ਵਿੱਚ ਰੋਸ ਮਾਰਚ ਕਰਦਿਆਂ ਸ਼ਹੀਦ ਭਗਤ ਸਿੰਘ ਚੌਕ ਭਵਾਨੀਗੜ੍ਹ ਵਿੱਚ ਪੰਜਾਬ ਸਰਕਾਰ ਦੀ ਅਰਥੀ ਸਾੜੀ ਗਈ। ਇਸ ਮੌਕੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਡੀਏ ਸਬੰਧੀ ਮਾਨਯੋਗ ਹਾਈ ਕੋਰਟ ਦਾ ਫੈਸਲਾ ਆ ਚੁੱਕਾ ਹੈ ।ਪੰਜਾਬ ਸਰਕਾਰ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਿੰਗਲ ਬੈਂਚ ਤੋਂ ਬਾਅਦ ਡਬਲ ਬੈਂਚ ਦੇ ਆਏ ਫੈਸਲੇ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਜਿਸ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਸਮੁੱਚੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ ਅਤੇ ਇਸ ਦੇ ਪਿਛਲੇ ਬਕਾਏ 15 ਦਿਨਾਂ ਦੇ ਅੰਦਰ ਅਦਾ ਕਰਨ ਦੇ ਆਦੇਸ਼ ਦਿੱਤੇ



ਸਨ। ਪ੍ਰੰਤੂ ਸਰਕਾਰ ਵੱਲੋਂ ਮੁਲਾਜ਼ਮ ਵਿਰੋਧੀ ਵਤੀਰਾ ਅਪਣਾਉਂਦੇ ਹੋਏ ਮਾਣਯੋਗ ਕੋਰਟ ਦੇ ਫੈਸਲੇ ਨੂੰ ਟਿੱਚ ਜਾਣਦੇ ਹੋਏ ਇਸਨੂੰ ਲਾਗੂ ਕਰਨ ਤੋਂ ਕੰਨੀ ਕਤਰਾ ਲਈ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਬਦਨੀਤੀ ਦੇ ਚੱਲਦਿਆਂ ਹੁਣ ਵਿੱਤ ਮੰਤਰੀ ਸ੍ਰ ਹਰਪਾਲ ਸਿੰਘ ਚੀਮਾ ਵੱਲੋਂ 7 ਅਗਸਤ ਦੀ "ਚੰਡੀਗੜ੍ਹ ਮਹਾਂ ਰੈਲੀ" ਵਿੱਚ ਸ਼ਾਮਿਲ ਹੋਣ ਵਾਲੀਆਂ ਜਥੇਬੰਦੀਆਂ ਨੂੰ 'ਐਂਟੀ ਸਟੇਟ' ਤੱਕ ਕਹਿਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਰਹਿੰਦੇ 18 ਪ੍ਰਤੀਸ਼ਤ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕਰਵਾਉਣ, ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲ ਕਰਨ, ਮਿਤੀ 17-7-2020 ਦਾ ਪੱਤਰ ਵਾਪਸ ਲੈ ਕੇ ਕੇਂਦਰ ਸਰਕਾਰ ਦੇ ਸੱਤਵੇਂ ਤਨਖਾਹ ਕਮਿਸ਼ਨ ਦੀ ਬਜਾਏ ਪੰਜਾਬ ਸਰਕਾਰ ਦਾ ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨ, ਮਿਤੀ 15-01-2015 ਦਾ ਮੁਲਾਜ਼ਮ ਵਿਰੋਧੀ ਪੱਤਰ ਵਾਪਸ ਲੈ ਕੇ ਪ੍ਰੋਬੇਸ਼ਨ ਸਮਾਂ ਘੱਟ ਕਰਕੇ ਇੱਕ ਸਾਲ ਕਰਨ ਅਤੇ ਇਸ ਦੌਰਾਨ ਪੂਰੀ ਤਨਖਾਹ ਤੇ ਭੱਤੇ ਦੇਣ, ਛੇਵੇਂ ਤਨਖਾਹ ਕਮਿਸ਼ਨ ਵੱਲੋਂ ਮੁਲਾਜ਼ਮਾਂ ਦੇ ਭੱਤਿਆਂ ਸਬੰਧੀ ਕੀਤੀਆਂ ਸਿਫਾਰਿਸ਼ਾਂ ਨੂੰ ਲਾਗੂ ਕਰਾਉਣ, ਏ ਸੀ ਪੀ ਸਕੀਮ ਤਹਿਤ 4-9-14 ਸਾਲ ਦੀ ਸੇਵਾ ਪੂਰੀ ਹੋਣ ਤੇ ਉੱਚ ਤਨਖਾਹ ਸਕੇਲ ਦੇਣ, ਜਜੀਆ ਟੈਕਸ ਵਾਪਸ ਲੈਣ, ਆਊਟਸੋਰਸ ਅਤੇ ਕੰਟਰੈਕਟ ਤੇ ਕੰਮ ਕਰਦੇ ਸਮੂਹ ਮੁਲਾਜ਼ਮਾਂ ਨੂੰ ਪੱਕੇ ਕਰਨ, ਪੈਨਸ਼ਨਰਾਂ ਦੀ 2.59 ਦੇ ਗੁਣਾਕ ਫਾਰਮੂਲੇ ਨਾਲ ਪੈਨਸ਼ਨ ਫਿਕਸ ਕਰਨ, ਸਟੈਨੋ ਕਾਡਰ ਲਈ ਪਦਉਨਤੀਆਂ ਦੇ ਨਵੇਂ ਮੌਕੇ ਪੈਦਾ ਕਰਨ, ਸਾਲ 2011 ਤੋਂ ਬਾਅਦ ਡਿਊਟੀ ਦੌਰਾਨ ਮ੍ਰਿਤਕ ਮੁਲਾਜਮਾਂ ਦੇ ਆਸ਼ਰਤਾਂ ਅਤੇ ਉਹਨਾਂ ਦੀਆਂ ਵਿਧਵਾਵਾਂ ਨੂੰ ਤਰਸ ਦੇ ਆਧਾਰ ਤੇ ਭਰਤੀ ਕਰਨ ਬਾਅਦ ਲਾਈ ਟਾਈਪ ਟੈਸਟ ਦੀ ਸ਼ਰਤ ਹਟਾ ਕੇ 120 ਘੰਟੇ ਦੀ ਕੰਪਿਊਟਰ ਟ੍ਰੇਨਿੰਗ ਮੁਕੰਮਲ ਕਰਨ ਤੇ ਸਲਾਨਾ ਤਰੱਕੀਆਂ ਬਹਾਲ ਕਰਨ, ਸੀਨੀਅਰ ਸਹਾਇਕਾਂ ਦਾ ਪਦ ਉਨਤੀ ਕੋਟਾ ਸੌ ਫੀਸਦੀ ਕਰਨ, 20 ਸਾਲ ਦੀ ਸੇਵਾ ਪੂਰੀ ਕਰਨ ਤੇ ਸੇਵਾ ਨਵਿਰਤੀ ਲਈ ਪੂਰੇ ਲਾਭ ਦੇਣ, ਵਿਭਾਗਾਂ ਦੀ ਸਰਕਾਰ ਦੇ ਨਿਯਮਾਂ ਅਨੁਸਾਰ ਹਰ 5 ਸਾਲ ਬਾਅਦ ਮੁੜ ਬਣਤਰ ਕਰਨ ਦੇ ਹੁਕਮ ਜਾਰੀ ਕਰਨ ਅਤੇ ਮੌਜੂਦਾ ਸਮੇਂ ਦੀਆਂ ਲੋੜਾਂ ਅਨੁਸਾਰ ਨਵੀਆਂ ਅਸਾਮੀਆਂ ਦੀ ਰਚਨਾ ਕਰਨ, ਮਾਣਭੱਤੇ ਤੇ ਕੰਮ ਕਰਦੀਆਂ ਆਸ਼ਾ ਵਰਕਰਾਂ, ਮਿਡ ਡੇ ਮੀਲ ਅਤੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਘੱਟੋ-ਘੱਟ ਉਜ਼ਰਤਾਂ ਦੇ ਦਾਇਰੇ ਵਿੱਚ ਲਿਆਉਣ ਆਦਿ ਦੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਇਸ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਇਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਡਾਕਟਰ ਰਾਮਪਾਲ ਸਿੰਘ, ਅਮਨ ਵਿਸ਼ਿਸ਼ਟ, ਕਰਮਜੀਤ ਨਦਾਮਪੁਰ ਪੁਲਿਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ ਪ੍ਰਧਾਨ ਕਰਮ ਸਿੰਘ, ਪਰਮਜੀਤ ਸਿੰਘ, ਜਗਤਾਰ ਸਿੰਘ , ਏਐੱਸਆਈ ਜਗਤਾਰ ਸਿੰਘ, ਸੁਰਿੰਦਰ ਕੁਮਾਰ, ਗੁਰਬਚਨ ਸਿੰਘ, ਸੋਮ ਦੱਤ, ਡਾ ਹਰਕੀਰਤ ਸਿੰਘ, ਮੈਡਮ ਗੁਰਜੀਤ ਕੌਰ, ਪਰਮਜੀਤ ਕੌਰ, ਸਵਾਤੀ ਸ਼ਰਮਾ, ਜਸਵੀਰ ਕੌਰ, ਅਮਨਪ੍ਰੀਤ ਕੌਰ, ਪ੍ਰੀਤੀ ਸਿੰਗਲਾ ਆਦਿ ਨੇ ਸੰਬੋਧਨ ਕੀਤਾ।

ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




Arrested ?
DUI ?
Drug Charges ?
Gun Violation ?
Ghuman Law Group
Get the Legal Defence
you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਕੈਨੇਡਾ ਦੇ ਸ਼ਹਿਰ ਬਲੂ ਮਾਊਂਟੇਨ ਦੀ ਧਰਤੀ ’ਤੇ ਸੀਨੀਅਰ ਸਿਟੀਜ਼ਨਾਂ ਨੇ ਮਨਾਇਆ 15 ਅਗਸਤ ਦਾ ਦਿਹਾੜਾ



ਰਾਜਿੰਦਰ ਸਿੰਘ ‘ਰਾਜਨ’
ਪਠਾਨਕੋਟ
9417427656

ਕੈਨੇਡਾ ਦੇ ਉਸਾਵਾ ਵਿਖੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਜਾ ਕੇ ਵੱਸੇ ਸੀਨੀਅਰ ਸਿਟੀਜ਼ਨਾਂ ਵੱਲੋਂ ਬਣਾਈ ਗਈ ਜਥੇਬੰਦੀ ਵੱਲੋਂ ਭਾਰਤ ਦਾ 15 ਅਗਸਤ,ਆਜ਼ਾਦੀ ਦਿਹਾੜਾ ਇਸ ਵਾਰ ਬੜੀ ਸ਼ਰਧਾ, ਉਤਸ਼ਾਹ ਅਤੇ ਦੇਸ਼-ਭਗਤੀ ਦੀ ਭਾਵਨਾ ਨਾਲ ਕੈਨੇਡਾ ਦੇ ਖ਼ੂਬਸੂਰਤ ਸ਼ਹਿਰ ਬਲੂ ਮਾਊਂਟੇਨ ਵਿਖੇ ਧੂਮਧਾਮ ਨਾਲ ਮਨਾਇਆ ਗਿਆ। ਭਾਵੇਂ ਇਹ ਬਜ਼ੁਰਗ ਆਪਣੀ ਜਨਮਭੂਮੀ ਤੋਂ ਹਜ਼ਾਰਾਂ ਮੀਲ ਦੂਰ ਕੈਨੇਡਾ ਦੀ ਧਰਤੀ ’ਤੇ ਆਪਣਾ ਜੀਵਨ ਬਤੀਤ ਕਰ ਰਹੇ ਹਨ, ਪਰ ਉਨ੍ਹਾਂ ਦੇ ਦਿਲਾਂ ਵਿੱਚ ਪੰਜਾਬ ਦੀ ਮਿੱਟੀ, ਆਪਣੀ ਜਨਮਭੂਮੀ ਅਤੇ ਭਾਰਤ ਮਾਤਾ ਲਈ ਪਿਆਰ ਅੱਜ ਵੀ ਉਸੇ ਸ਼ਿੱਦਤ ਨਾਲ ਧੜਕਦਾ ਹੈ।

ਸਮਾਗਮ ਦੌਰਾਨ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਸੇਵਾ-ਮੁਕਤ ਲੈਕਚਰਾਰ ਸੰਤੋਖ ਸਿੰਘ ਨੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਜਿਵੇਂ ਹੀ ਤਿਰੰਗੇ ਨੂੰ ਸ਼ਾਨ ਨਾਲ ਲਹਿਰਾਇਆ, ਇਕੱਤਰਤਾ ਹਾਜ਼ਰੀਨ ਦੇ ਦਿਲ ਦੇਸ਼-ਭਗਤੀ ਦੇ ਜਜ਼ਬੇ ਨਾਲ ਭਰ ਗਏ। ਸਾਰਿਆਂ ਨੇ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਅਣਗਿਣਤ ਆਜ਼ਾਦੀ ਘੁਲਾਟੀਆਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਲੈਕ: ਸੰਤੋਖ ਸਿੰਘ ਨੇ ਕਿਹਾ ਕਿ ਆਜ਼ਾਦੀ ਦਿਹਾੜਾ ਮਹਿਜ਼ ਕੈਲੰਡਰ ’ਤੇ ਦਰਜ ਇੱਕ ਤਾਰੀਖ ਨਹੀਂ, ਸਗੋਂ ਇਹ ਉਨ੍ਹਾਂ ਅਣਗਿਣਤ ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਦਾ ਦਿਨ ਹੈ, ਜਿਨ੍ਹਾਂ ਨੇ ਆਪਣਾ ਅੱਜ ਕੁਰਬਾਨ ਕਰਕੇ ਦੇਸ਼ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸੁਰੱਖਿਅਤ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਰੋਜ਼ੀ-ਰੋਟੀ ਅਤੇ ਬਿਹਤਰ ਜੀਵਨ ਦੀ ਭਾਲ ਵਿੱਚ ਭਾਵੇਂ ਵਿਦੇਸ਼ਾਂ ਵਿੱਚ ਆ ਵੱਸੇ ਹਾਂ, ਪਰ ਸਾਡੀਆਂ ਜੜ੍ਹਾਂ ਅੱਜ ਵੀ ਆਪਣੀ ਜਨਮਭੂਮੀ ਨਾਲ ਡੂੰਘਾਈ ਨਾਲ ਜੁੜੀਆਂ ਹੋਈਆਂ ਹਨ।

ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਭਾਰਤੀਆਂ ਲਈ ਅਜਿਹੇ ਸਮਾਗਮ ਆਪਣੀ ਮਿੱਟੀ, ਆਪਣੀ ਭਾਸ਼ਾ, ਆਪਣੇ ਸੱਭਿਆਚਾਰ ਅਤੇ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਦਾ ਸੁਨਹਿਰੀ ਮੌਕਾ ਹਨ। ਖ਼ਾਸ ਕਰਕੇ ਸੀਨੀਅਰ ਸਿਟੀਜ਼ਨਾਂ ਵੱਲੋਂ ਆਜ਼ਾਦੀ ਦਿਹਾੜਾ ਮਨਾਉਣਾ ਨੌਜਵਾਨ ਪੀੜ੍ਹੀ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਧਰਤੀ ਦੀ ਦੂਰੀ ਭਾਵੇਂ ਹਜ਼ਾਰਾਂ ਮੀਲ ਦੀ ਹੋ ਜਾਵੇ, ਪਰ ਵਤਨ ਨਾਲ ਪਿਆਰ ਦੀਆਂ ਤੰਦਾਂ ਕਦੇ ਨਹੀਂ ਟੁੱਟਦੀਆਂ।

ਇਸ ਮੌਕੇ ਕੁਲਦੀਪ ਸਿੰਘ ਲੁਧਿਆਣਾ ਸੀਨੀਅਰ ਮੈਂਬਰ ਨੇ ਕਿਹਾ, “ਸਾਡੀ ਉਮਰ ਭਾਵੇਂ ਕੈਨੇਡਾ ਦੀ ਧਰਤੀ ’ਤੇ ਬੀਤ ਰਹੀ ਹੈ, ਪਰ ਸਾਡੇ ਬਚਪਨ ਦੀਆਂ ਯਾਦਾਂ, ਸਾਡੇ ਮਾਪਿਆਂ ਦੀਆਂ ਦੁਆਵਾਂ, ਸਾਡੇ ਪਿੰਡਾਂ ਦੀਆਂ ਗਲੀਆਂ ਅਤੇ ਪੰਜਾਬ ਦੀ ਮਿੱਟੀ ਦੀ ਖੁਸ਼ਬੂ ਅੱਜ ਵੀ ਸਾਡੇ ਅੰਦਰ ਵੱਸਦੀ ਹੈ। 15 ਅਗਸਤ ਸਾਨੂੰ ਹਰ ਸਾਲ ਇਹ ਯਾਦ ਕਰਵਾਉਂਦਾ ਹੈ ਕਿ ਅਸੀਂ ਕਿੱਥੋਂ ਆਏ ਹਾਂ ਅਤੇ ਸਾਡੇ ਪੁਰਖਿਆਂ ਨੇ ਸਾਨੂੰ ਕੀ ਵਿਰਾਸਤ ਸੌਂਪੀ ਹੈ।”

ਇੱਕ ਹੋਰ ਮੈਂਬਰ ਸਰਬਜੀਤ ਸਿੰਘ ਫਤਿਹਗੜ੍ਹ ਸਾਹਿਬ ਨੇ ਕਿਹਾ, “ਅਸੀਂ ਚਾਹੁੰਦੇ ਹਾਂ ਕਿ ਸਾਡੀ ਨੌਜਵਾਨ ਪੀੜ੍ਹੀ ਵਿਦੇਸ਼ਾਂ ਵਿੱਚ ਰਹਿੰਦਿਆਂ ਵੀ ਆਪਣੇ ਵਤਨ ਦੀ ਕਦਰ ਕਰੇ। ਆਜ਼ਾਦੀ ਸਾਨੂੰ ਮੁਫ਼ਤ ਵਿੱਚ ਨਹੀਂ ਮਿਲੀ; ਇਸ ਪਿੱਛੇ ਲੱਖਾਂ ਲੋਕਾਂ ਦੀਆਂ ਕੁਰਬਾਨੀਆਂ ਹਨ। ਇਸ ਲਈ ਤਿਰੰਗੇ ਨੂੰ ਸਲਾਮ ਕਰਨਾ ਸਿਰਫ਼ ਇੱਕ ਰਸਮ ਨਹੀਂ, ਸਗੋਂ ਉਨ੍ਹਾਂ ਸ਼ਹੀਦਾਂ ਪ੍ਰਤੀ ਸਾਡਾ ਸਤਿਕਾਰ ਹੈ, ਜਿਨ੍ਹਾਂ ਕਰਕੇ ਅਸੀਂ ਅੱਜ ਆਜ਼ਾਦ ਹਵਾ ਵਿੱਚ ਸਾਹ ਲੈ ਰਹੇ ਹਾਂ।”

ਇਸ ਮੌਕੇ ਸੀਨੀਅਰ ਸਿਟੀਜਨ ਭੰਗੜਾ ਪਾ ਕੇ ਇਸ ਸਮਾਗਮ ਨੂੰ ਹੋਰ ਚਾਰ ਚੰਨ ਲਾਏ ਅਤੇ ਸਮਾਗਮ ਦੌਰਾਨ ਦੇਸ਼-ਭਗਤੀ ਦੇ ਜਜ਼ਬੇ ਨਾਲ ਭਰਿਆ ਮਾਹੌਲ ਦੇਖਣ ਨੂੰ ਮਿਲਿਆ। ਕੈਨੇਡਾ ਦੀ ਧਰਤੀ ’ਤੇ ਲਹਿਰਾਉਂਦਾ ਭਾਰਤੀ




ਤਿਰੰਗਾ ਇਹ ਸੰਦੇਸ਼ ਦੇ ਰਿਹਾ ਸੀ ਕਿ ਭਾਰਤ ਦੀਆਂ ਸਰਹੱਦਾਂ ਭਾਵੇਂ ਭੂਗੋਲਿਕ ਤੌਰ ’ਤੇ ਦੂਰ ਹੋਣ, ਪਰ ਭਾਰਤੀਆਂ ਦੇ ਦਿਲਾਂ ਵਿੱਚ ਵਤਨ ਹਮੇਸ਼ਾ ਵੱਸਦਾ ਹੈ।

ਇਸ ਮੌਕੇ ਜਥੇਬੰਦੀ ਦੇ ਮੈਂਬਰਾਂ ਨੇ ਇੱਕ-ਦੂਜੇ ਨੂੰ ਆਜ਼ਾਦੀ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਅਤੇ ਦੇਸ਼ ਦੀ ਏਕਤਾ, ਅਖੰਡਤਾ, ਭਾਈਚਾਰਕ ਸਾਂਝ, ਸ਼ਾਂਤੀ ਅਤੇ ਤਰੱਕੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸਮਾਗਮ ਨੇ ਇਹ ਅਹਿਸਾਸ ਵੀ ਕਰਵਾਇਆ ਕਿ ਪੰਜਾਬੀ ਜਿੱਥੇ ਵੀ ਜਾਂਦੇ ਹਨ, ਆਪਣੀ ਮਿੱਟੀ ਦੀ ਖੁਸ਼ਬੂ, ਆਪਣੀ ਸੱਭਿਆਚਾਰਕ ਪਹਿਚਾਣ ਅਤੇ ਵਤਨ ਪ੍ਰਤੀ ਪਿਆਰ ਨੂੰ ਆਪਣੇ ਨਾਲ ਲੈ ਕੇ ਜਾਂਦੇ ਹਨ। ਇਸ ਮੌਕੇ ਕੁਲਦੀਪ ਸਿੰਘ ਲੁਧਿਆਣਾ, ਸਰਬਜੀਤ ਸਿੰਘ ਫਤਿਹਗੜ੍ਹ ਸਾਹਿਬ, ਪਰਮਜੀਤ ਸਿੰਘ ਦਿੱਲੀ, ਰਕੇਸ਼ ਸੇਠੀ ਚੰਡੀਗੜ੍ਹ, ਬੀ.ਐਸ.ਪੀ. ਦਿੱਲੀ, ਵਿਨੋਦ ਕੁਮਾਰ ਬਟਾਲਾ, ਅਰਵਿੰਦਰ ਸਿੰਘ ਦਿੱਲੀ, ਸੁਨੀਲ ਕੁਮਾਰ, ਅਨੀਤਾ ਸ਼ਰਮਾ ਲੁਧਿਆਣਾ, ਹਰਲੀਨ ਸੈਣੀ ਜਲੰਧਰ, ਨਿਰਮਲ ਕੌਰ ਗੁਰਦਾਸਪੁਰ, ਸਤਵੰਤ ਕੌਰ ਲੁਧਿਆਣਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੈਂਬਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਬਲੂ ਮਾਊਂਟੇਨ ਦੀ ਧਰਤੀ ’ਤੇ ਮਨਾਇਆ ਗਿਆ ਇਹ ਆਜ਼ਾਦੀ ਦਿਹਾੜਾ ਸਿਰਫ਼ ਇੱਕ ਸਮਾਗਮ ਨਹੀਂ ਸੀ, ਸਗੋਂ ਇਹ ਉਸ ਅਟੁੱਟ ਰਿਸ਼ਤੇ ਦੀ ਤਸਵੀਰ ਸੀ ਜੋ ਪਰਦੇਸ ਵਿੱਚ ਵੱਸਦੇ ਭਾਰਤੀਆਂ ਨੂੰ ਆਪਣੀ ਜਨਮਭੂਮੀ ਨਾਲ ਜੋੜੀ ਰੱਖਦਾ ਹੈ। ਉਮਰ ਦੇ ਇਸ ਪੜਾਅ ’ਤੇ ਵੀ ਤਿਰੰਗੇ ਸਾਹਮਣੇ ਖੜ੍ਹੇ ਇਨ੍ਹਾਂ ਸੀਨੀਅਰ ਸਿਟੀਜ਼ਨਾਂ ਦੀਆਂ ਅੱਖਾਂ ਵਿੱਚ ਚਮਕ ਅਤੇ ਦਿਲਾਂ ਵਿੱਚ ਵਤਨ ਲਈ ਪਿਆਰ ਇਹ ਸਾਬਤ ਕਰ ਰਿਹਾ ਸੀ ਕਿ ਵਤਨ ਤੋਂ ਦੂਰੀ ਸਰੀਰਾਂ ਦੀ ਹੋ ਸਕਦੀ ਹੈ, ਦਿਲਾਂ ਦੀ ਨਹੀਂ। ਇਹ ਜਾਣਕਾਰੀ ਲੈਕਚਰਾਰ ਸੰਤੋਖ ਸਿੰਘ ਪ੍ਰਧਾਨ ਸੀਨੀਅਰ ਸਿਟੀਜਨ ਨੇ ਦਿੱਤੀ






web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330


TAKE CONTROL
OF YOUR HEALTH!
PRIVATE, AFFORDABLE, & CONVENIENT
8000+ TESTS
General Health, Food Allergy Testing, Paternity Testing,
Hormone Testing, Diabetes Monitoring, STD Testing, & More!
NO INSURANCE?
NO PROBLEM!
WALK-INS WELCOME
ANYLABTEST NOW
ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384
Address: 119. Maple AVe, Suite A Manteca, CA 95336


Thank You
ELK GROVE.
I am deeply grateful to the residents of Elk Grove for your incredible outpouring of love, support, and confidence.
I am truly honored to be running uncontested for re-election as your Mayor.
Together, we have made Elk Grove one of California's best places to live, and I look forward to continuing our work to keep our city safe, thriving, and strong.
BOBBIE
Singh-Allen
ELK GROVE MAYOR



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਬਟਵਾਰੇ ਦੀ ਅਣਕਹੀ ਕਹਾਣੀ: ਯਾਦਾਂ ਦੇ ਪੰਨਿਆਂ ਤੋਂ

ਇਤਿਹਾਸ ਅਕਸਰ ਤਾਰੀਖਾਂ, ਰਾਜਨੀਤਿਕ ਫੈਸਲਿਆਂ ਅਤੇ ਪ੍ਰਮੁੱਖ ਨੇਤਾਵਾਂ ਦੇ ਨਾਂ ਦਰਜ ਕਰਦਾ ਹੈ। ਪਰ ਇਤਿਹਾਸ ਦੀਆਂ ਕੁਝ ਸਭ ਤੋਂ ਡੂੰਘੀਆਂ ਕਹਾਣੀਆਂ ਆਮ ਲੋਕਾਂ ਦੀਆਂ ਯਾਦਾਂ ਵਿੱਚ ਚੁੱਪਚਾਪ ਜ਼ਿੰਦਾ ਰਹਿੰਦੀਆਂ ਹਨ। ਸਾਲ 1947 ਵਿੱਚ ਭਾਰਤ ਦੀ ਵੰਡ ਸਿਰਫ਼ ਇੱਕ ਦੇਸ਼ ਨੂੰ ਦੋ ਰਾਸ਼ਟਰਾਂ ਵਿੱਚ ਵੰਡਣ ਵਾਲੀ ਰਾਜਨੀਤਿਕ ਘਟਨਾ ਨਹੀਂ ਸੀ, ਸਗੋਂ ਇਹ ਇੱਕ ਅਜਿਹੀ ਮਨੁੱਖੀ ਤ੍ਰਾਸਦੀ ਸੀ ਜਿਸ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਬਦਲ ਦਿੱਤੀ, ਪਰਿਵਾਰਾਂ ਨੂੰ ਵੱਖ ਕਰ ਦਿੱਤਾ, ਭਾਈਚਾਰਿਆਂ ਨੂੰ ਉਜਾੜ ਦਿੱਤਾ ਅਤੇ ਅਜਿਹੀਆਂ ਯਾਦਾਂ ਛੱਡ ਗਈਆਂ ਜੋ ਪੀੜ੍ਹੀ ਦਰ ਪੀੜ੍ਹੀ ਜ਼ਿੰਦਾ ਰਹੀਆਂ।

ਜਿਸ ਬਜ਼ੁਰਗ ਨੇ ਉਨ੍ਹਾਂ ਉਥਲ-ਪੁਥਲ ਭਰੇ ਦਿਨਾਂ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ, ਉਸ ਲਈ ਵੰਡ ਸਿਰਫ਼ ਇਤਿਹਾਸ ਦੀ ਕਿਤਾਬ ਦਾ ਇੱਕ ਅਧਿਆਇ ਨਹੀਂ ਹੈ। ਇਹ ਘਰ ਛੱਡਣ, ਭੀੜ ਨਾਲ ਭਰੀਆਂ ਰੇਲਗੱਡੀਆਂ, ਡਰ ਅਤੇ ਅਨਿਸ਼ਚਿਤਤਾ ਨਾਲ ਭਰੀਆਂ ਯਾਤਰਾਵਾਂ ਅਤੇ ਔਖੇ ਸਮੇਂ ਵਿੱਚ ਇੱਕ-ਦੂਜੇ ਦੀ ਮਦਦ ਕਰਨ ਵਾਲੀਆਂ ਯਾਦਾਂ ਦਾ ਇੱਕ ਪੂਰਾ ਸੰਸਾਰ ਹੈ।

ਕਈ ਪਰਿਵਾਰ ਪੀੜ੍ਹੀਆਂ ਤੋਂ ਇੱਕੋ ਪਿੰਡ ਜਾਂ ਸ਼ਹਿਰ ਵਿੱਚ ਰਹਿੰਦੇ ਆ ਰਹੇ ਸਨ। ਗੁਆਂਢੀ ਮਿਲ-ਜੁਲ ਕੇ ਤਿਉਹਾਰ ਮਨਾਉਂਦੇ, ਇੱਕ-ਦੂਜੇ ਨਾਲ ਖਾਣਾ ਸਾਂਝਾ ਕਰਦੇ ਅਤੇ ਔਖੇ ਸਮੇਂ ਵਿੱਚ ਇੱਕ-ਦੂਜੇ ਦੇ ਨਾਲ ਖੜ੍ਹੇ ਹੁੰਦੇ ਸਨ। ਫਿਰ ਅਚਾਨਕ ਇੱਕ ਨਵੀਂ ਸਰਹੱਦ ਦੀ ਕਲਪਨਾ ਨੇ ਜਾਣ-ਪਛਾਣ ਵਾਲੀਆਂ ਥਾਵਾਂ ਨੂੰ ਅਨਿਸ਼ਚਿਤ ਖੇਤਰਾਂ ਵਿੱਚ ਬਦਲ ਦਿੱਤਾ। ਜਿਨ੍ਹਾਂ ਲੋਕਾਂ ਨੇ ਕਦੇ ਆਪਣੇ ਜੱਦੀ ਘਰ ਛੱਡਣ ਬਾਰੇ ਸੋਚਿਆ ਵੀ ਨਹੀਂ ਸੀ, ਉਨ੍ਹਾਂ ਨੂੰ ਕਿਸੇ ਹੋਰ ਥਾਂ ਤੋਂ ਆਪਣੀ ਜ਼ਿੰਦਗੀ ਮੁੜ ਸ਼ੁਰੂ ਕਰਨ ਲਈ ਮਜਬੂਰ ਹੋਣਾ ਪਿਆ।

ਵੰਡ ਦੇ ਕਿਸੇ ਬਜ਼ੁਰਗ ਪ੍ਰਤੱਖਦਰਸ਼ੀ ਨੂੰ ਅੱਜ ਵੀ ਉਹ ਦਿਨ ਯਾਦ ਹੋ ਸਕਦਾ ਹੈ, ਜਦੋਂ ਉਸ ਦੇ ਪਰਿਵਾਰ ਨੇ ਜਿੰਨਾ ਸਮਾਨ ਚੁੱਕ ਸਕਦੇ ਸਨ, ਉੱਨਾ ਹੀ ਇਕੱਠਾ ਕੀਤਾ। ਸਭ ਕੁਝ ਨਾਲ ਲੈ ਜਾਣ ਦਾ ਸਮਾਂ ਹੀ ਨਹੀਂ ਸੀ। ਘਰ, ਖੇਤ, ਦੁਕਾਨਾਂ, ਤਸਵੀਰਾਂ, ਫਰਨੀਚਰ ਅਤੇ ਅਣਗਿਣਤ ਨਿੱਜੀ ਚੀਜ਼ਾਂ ਪਿੱਛੇ ਛੱਡਣੀਆਂ ਪਈਆਂ। ਉਸ ਵੇਲੇ ਸਭ ਤੋਂ ਮਹੱਤਵਪੂਰਨ ਗੱਲ ਸਿਰਫ਼ ਇਹ ਸੀ ਕਿ ਪਰਿਵਾਰ ਕਿਸੇ ਸੁਰੱਖਿਅਤ ਥਾਂ ਤੱਕ ਪਹੁੰਚ ਜਾਵੇ।

ਉਹ ਯਾਤਰਾ ਆਪਣੇ ਆਪ ਵਿੱਚ ਇੱਕ ਅਭੁੱਲ ਤਜਰਬਾ ਬਣ ਗਈ। ਰੇਲਵੇ ਸਟੇਸ਼ਨ ਡਰੇ ਹੋਏ ਪਰਿਵਾਰਾਂ ਨਾਲ ਭਰੇ ਹੋਏ ਸਨ। ਲੋਕ ਆਪਣੇ ਛੋਟੇ-ਛੋਟੇ ਸਮਾਨ ਦੀਆਂ ਗੱਠੜੀਆਂ ਲੈ ਕੇ ਕਿਤੇ ਪੈਦਲ, ਕਿਤੇ ਬੈਲਗੱਡੀਆਂ ਰਾਹੀਂ ਅਤੇ ਕਈ ਲੋਕ ਬੇਹੱਦ ਭੀੜ ਵਾਲੀਆਂ ਰੇਲਗੱਡੀਆਂ ਵਿੱਚ ਸਫ਼ਰ ਕਰ ਰਹੇ ਸਨ। ਹਰ ਚਿਹਰੇ ’ਤੇ ਅਨਿਸ਼ਚਿਤਤਾ ਦਿਖਾਈ ਦਿੰਦੀ ਸੀ। ਮਾਪੇ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਸਨ, ਜਦੋਂਕਿ ਬੱਚੇ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਉਨ੍ਹਾਂ ਦੀ ਜਾਣੀ-ਪਛਾਣੀ ਦੁਨੀਆ ਅਚਾਨਕ ਕਿਉਂ ਬਦਲ ਰਹੀ ਹੈ।

ਪਰ ਦੁੱਖ ਅਤੇ ਤ੍ਰਾਸਦੀ ਦੀਆਂ ਕਹਾਣੀਆਂ ਦੇ ਨਾਲ-ਨਾਲ ਮਨੁੱਖਤਾ ਦੀਆਂ ਕਹਾਣੀਆਂ ਵੀ ਸਨ। ਉਨ੍ਹਾਂ ਔਖੇ ਦਿਨਾਂ ਵਿੱਚ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੇ ਇੱਕ-ਦੂਜੇ ਦੀ ਮਦਦ ਕੀਤੀ। ਅਜਨਬੀਆਂ ਨੇ ਭੋਜਨ ਅਤੇ ਪਾਣੀ ਸਾਂਝਾ ਕੀਤਾ। ਕੁਝ ਲੋਕਾਂ ਨੇ ਸੁਰੱਖਿਆ ਦੀ ਭਾਲ ਵਿੱਚ ਜਾ ਰਹੇ ਪਰਿਵਾਰਾਂ ਨੂੰ ਆਸਰਾ ਦਿੱਤਾ। ਕਈਆਂ ਨੇ ਬੱਚਿਆਂ ਅਤੇ ਬਜ਼ੁਰਗਾਂ ਦੀ ਯਾਤਰਾ ਵਿੱਚ ਸਹਾਇਤਾ ਕੀਤੀ। ਦਇਆ ਅਤੇ ਸਹਿਯੋਗ ਦੀਆਂ ਇਹ ਘਟਨਾਵਾਂ ਯਾਦ ਦਿਵਾਉਂਦੀਆਂ ਹਨ ਕਿ ਡਰ ਅਤੇ ਹਿੰਸਾ ਦੇ ਔਖੇ ਦੌਰ ਵਿੱਚ ਵੀ ਮਨੁੱਖਤਾ ਜ਼ਿੰਦਾ ਰਹਿ ਸਕਦੀ ਹੈ।

ਕਈ ਵਿਸਥਾਪਿਤ ਲੋਕਾਂ ਲਈ ਸਭ ਤੋਂ ਵੱਡਾ ਨੁਕਸਾਨ ਸਿਰਫ਼ ਭੌਤਿਕ ਨਹੀਂ ਸੀ। ਸਭ ਤੋਂ ਵੱਡਾ ਦੁੱਖ ਆਪਣੇਪਣ ਦੀ ਭਾਵਨਾ ਦਾ ਖੋ ਜਾਣਾ ਸੀ। ਘਰ ਦੁਬਾਰਾ ਬਣਾਇਆ ਜਾ ਸਕਦਾ ਸੀ, ਦੁਕਾਨ ਮੁੜ ਸ਼ੁਰੂ ਕੀਤੀ ਜਾ ਸਕਦੀ ਸੀ ਅਤੇ ਨਵਾਂ ਰੋਜ਼ਗਾਰ ਵੀ ਕਿਸੇ ਦਿਨ ਮਿਲ ਸਕਦਾ ਸੀ। ਪਰ ਜੱਦੀ ਘਰਾਂ, ਬਚਪਨ ਦੇ ਦੋਸਤਾਂ, ਗੁਆਂਢ ਅਤੇ ਜਾਣੀਆਂ-ਪਛਾਣੀਆਂ ਗਲੀਆਂ ਦੀਆਂ ਯਾਦਾਂ ਦੀ ਪੂਰੀ ਭਰਪਾਈ ਕਦੇ ਨਹੀਂ ਹੋ ਸਕਦੀ ਸੀ।

ਦਹਾਕਿਆਂ ਬਾਅਦ ਵੀ ਬਹੁਤ ਸਾਰੇ ਬਜ਼ੁਰਗ ਵਿਸਥਾਪਿਤ ਉਹ ਛੋਟੀਆਂ-ਛੋਟੀਆਂ ਗੱਲਾਂ ਯਾਦ ਕਰਦੇ ਹਨ, ਜਿਨ੍ਹਾਂ ਦਾ ਜ਼ਿਕਰ ਅਧਿਕਾਰਤ ਇਤਿਹਾਸ ਵਿੱਚ ਸ਼ਾਇਦ ਹੀ ਮਿਲਦਾ ਹੈ ਰੇਲਵੇ ਸਟੇਸ਼ਨ ਦੀ ਹਲਚਲ, ਪਿੰਡ ਨੂੰ ਆਖਰੀ ਵਾਰ ਦੇਖਣ ਦਾ ਪਲ, ਗੁਆਂਢੀ ਨਾਲ ਵਿਦਾਈ, ਸਰਹੱਦ ਪਾਰ ਲਿਜਾਈ ਗਈ ਪਰਿਵਾਰ ਦੀ ਕੋਈ ਤਸਵੀਰ ਜਾਂ ਅਨਿਸ਼ਚਿਤ ਯਾਤਰਾ ਤੋਂ ਪਹਿਲਾਂ ਇਕੱਠੇ ਬੈਠ ਕੇ ਕੀਤਾ ਗਿਆ ਸਧਾਰਨ ਭੋਜਨ। ਅਜਿਹੀਆਂ ਨਿੱਜੀ ਯਾਦਾਂ ਇਤਿਹਾਸ ਨੂੰ ਇੱਕ ਮਨੁੱਖੀ ਚਿਹਰਾ ਦਿੰਦੀਆਂ ਹਨ।

ਅੱਜ ਦੀ ਨੌਜਵਾਨ ਪੀੜ੍ਹੀ ਵੰਡ ਨੂੰ ਮੁੱਖ ਤੌਰ ’ਤੇ ਪਾਠ ਪੁਸਤਕਾਂ, ਦਸਤਾਵੇਜ਼ੀ ਫ਼ਿਲਮਾਂ ਅਤੇ ਅਧਿਆਪਕਾਂ ਦੁਆਰਾ ਸੁਣਾਈਆਂ ਕਹਾਣੀਆਂ ਰਾਹੀਂ ਜਾਣਦੀ ਹੈ। ਪਰ ਪ੍ਰਤੱਖਦਰਸ਼ੀਆਂ ਦੀਆਂ ਯਾਦਾਂ ਸੁਣਨ ਨਾਲ ਇਤਿਹਾਸ ਦਾ ਇੱਕ ਵੱਖਰਾ ਪੱਖ ਸਾਹਮਣੇ ਆਉਂਦਾ ਹੈ। ਇਸ ਨਾਲ ਸਾਨੂੰ ਸਮਝ ਆਉਂਦੀ ਹੈ ਕਿ ਇਤਿਹਾਸਕ ਘਟਨਾਵਾਂ ਦਾ ਅਸਰ ਸਿਰਫ਼ ਸਰਕਾਰਾਂ ਅਤੇ ਰਾਜਨੀਤਿਕ ਸੰਸਥਾਵਾਂ ’ਤੇ ਨਹੀਂ ਹੁੰਦਾ, ਸਗੋਂ ਆਮ ਲੋਕਾਂ ਦੀ ਜ਼ਿੰਦਗੀ ਵੀ ਉਨ੍ਹਾਂ ਨਾਲ ਅਚਾਨਕ ਅਤੇ ਡੂੰਘੇ ਤੌਰ ’ਤੇ ਪ੍ਰਭਾਵਿਤ ਹੁੰਦੀ ਹੈ।

ਅੱਜ, ਜਦੋਂ ਵੰਡ ਨੂੰ ਆਪਣੀਆਂ ਅੱਖਾਂ ਨਾਲ ਦੇਖਣ ਵਾਲੀ ਪੀੜ੍ਹੀ ਹੌਲੀ-ਹੌਲੀ ਬਜ਼ੁਰਗ ਹੋ ਰਹੀ ਹੈ, ਉਨ੍ਹਾਂ ਦੀਆਂ ਯਾਦਾਂ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਦੀਆਂ ਕਹਾਣੀਆਂ ਨੂੰ ਸੰਵੇਦਨਸ਼ੀਲਤਾ ਅਤੇ ਇਤਿਹਾਸਕ ਜ਼ਿੰਮੇਵਾਰੀ ਨਾਲ ਦਰਜ ਕੀਤਾ ਜਾਣਾ ਚਾਹੀਦਾ ਹੈ। ਮੌਖਿਕ ਇਤਿਹਾਸ, ਪਰਿਵਾਰਕ ਤਸਵੀਰਾਂ, ਚਿੱਠੀਆਂ, ਡਾਇਰੀਆਂ ਅਤੇ ਨਿੱਜੀ ਯਾਦਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੰਡ ਦੇ ਮਨੁੱਖੀ ਪ੍ਰਭਾਵ ਨੂੰ ਸਮਝਣ ਵਿੱਚ ਮਦਦ ਕਰ ਸਕਦੀਆਂ ਹਨ।

ਵੰਡ ਨੂੰ ਯਾਦ ਕਰਨਾ ਪੁਰਾਣੇ ਜ਼ਖ਼ਮਾਂ ਨੂੰ ਮੁੜ ਖੋਲ੍ਹਣਾ ਜਾਂ ਵੰਡ ਦੀ ਭਾਵਨਾ ਨੂੰ ਵਧਾਉਣਾ ਨਹੀਂ ਹੈ। ਇਸ ਦੀ ਬਜਾਏ, ਇਹ ਸਾਨੂੰ ਸ਼ਾਂਤੀ, ਸਹਿਣਸ਼ੀਲਤਾ, ਸਹਿ-ਹੋਂਦ ਅਤੇ ਆਪਸੀ ਸਤਿਕਾਰ ਦੀ ਮਹੱਤਤਾ ਸਿਖਾਉਣਾ ਚਾਹੀਦਾ ਹੈ। ਦਰਦਨਾਕ ਇਤਿਹਾਸ ਨੂੰ ਯਾਦ ਕਰਨ ਦਾ ਉਦੇਸ਼ ਇਹ ਹੋਣਾ ਚਾਹੀਦਾ ਹੈ ਕਿ ਅਜਿਹੀਆਂ ਤ੍ਰਾਸਦੀਆਂ ਮੁੜ ਨਾ ਵਾਪਰਨ। ਇਸ ਲਈ ਵੰਡ ਦੀਆਂ ਅਣਕਹੀਆਂ ਕਹਾਣੀਆਂ ਸਿਰਫ਼ ਵਿਸਥਾਪਨ ਅਤੇ ਨੁਕਸਾਨ ਦੀਆਂ ਕਹਾਣੀਆਂ ਨਹੀਂ ਹਨ। ਇਹ ਹਿੰਮਤ, ਸੰਘਰਸ਼, ਦਇਆ ਅਤੇ ਮੁੜ-ਨਿਰਮਾਣ ਦੀਆਂ ਕਹਾਣੀਆਂ ਵੀ ਹਨ। ਜਿਨ੍ਹਾਂ ਲੋਕਾਂ ਨੇ ਆਪਣੇ ਘਰ ਗੁਆਏ, ਉਨ੍ਹਾਂ ਨੇ ਨਵੀਆਂ ਜ਼ਿੰਦਗੀਆਂ ਬਣਾਈਆਂ। ਪਰਿਵਾਰਾਂ ਨੇ ਮੁੜ ਸ਼ੁਰੂਆਤ ਕੀਤੀ। ਭਾਈਚਾਰਿਆਂ ਨੇ ਆਪਣੇ ਆਪ ਨੂੰ ਦੁਬਾਰਾ ਖੜ੍ਹਾ ਕੀਤਾ। ਅਨਿਸ਼ਚਿਤਤਾ ਦੇ ਦੌਰ ਨੂੰ ਦੇਖਣ ਵਾਲੇ ਬੱਚਿਆਂ ਨੇ ਅੱਗੇ ਚੱਲ ਕੇ ਆਪਣੇ ਬੱਚਿਆਂ ਲਈ ਬਿਹਤਰ ਭਵਿੱਖ ਬਣਾਉਣ ਦੀ ਕੋਸ਼ਿਸ਼ ਕੀਤੀ। ਸ਼ਾਇਦ ਸਭ ਤੋਂ ਮਹੱਤਵਪੂਰਨ ਸਿੱਖਿਆ ਉਨ੍ਹਾਂ ਬਜ਼ੁਰਗਾਂ ਦੀਆਂ ਯਾਦਾਂ ਵਿੱਚ ਛੁਪੀ ਹੋਈ ਹੈ ਜਿਨ੍ਹਾਂ ਨੇ ਵੰਡ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਸਰਹੱਦਾਂ ਭਾਵੇਂ ਭੂ-ਭਾਗ ਨੂੰ ਵੰਡ ਸਕਦੀਆਂ ਹਨ, ਪਰ ਉਹ ਸਾਂਝੀਆਂ ਯਾਦਾਂ, ਦੋਸਤੀਆਂ ਅਤੇ ਮਨੁੱਖੀ ਰਿਸ਼ਤਿਆਂ ਨੂੰ ਮਿਟਾ ਨਹੀਂ ਸਕਦੀਆਂ। ਵੰਡ ਇਤਿਹਾਸ ਦਾ ਹਿੱਸਾ ਹੈ, ਪਰ ਉਸ ਦੀਆਂ ਯਾਦਾਂ ਅੱਜ ਵੀ ਉਨ੍ਹਾਂ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ ਹਨ ਜਿਨ੍ਹਾਂ ਨੇ ਉਸ ਨੂੰ ਦੇਖਿਆ ਅਤੇ ਹੰਢਾਇਆ। ਜਿਵੇਂ-ਜਿਵੇਂ ਉਹ ਆਵਾਜ਼ਾਂ ਹੌਲੀ-ਹੌਲੀ ਖਾਮੋਸ਼ ਹੁੰਦੀਆਂ ਜਾ ਰਹੀਆਂ ਹਨ, ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਨੂੰ ਸੁਣੀਏ, ਉਨ੍ਹਾਂ ਦੀਆਂ ਯਾਦਾਂ ਨੂੰ ਸੰਭਾਲੀਏ ਅਤੇ ਉਨ੍ਹਾਂ ਤੋਂ ਸਿੱਖੀਏ। ਕਿਉਂਕਿ ਇਤਿਹਾਸ ਦੇ ਪੰਨੇ ਭਾਵੇਂ ਦੇਸ਼ ਦੀ ਵੰਡ ਨੂੰ ਦਰਜ ਕਰਦੇ ਹਨ, ਪਰ ਲੋਕਾਂ ਦੀਆਂ ਯਾਦਾਂ ਦੱਸਦੀਆਂ ਹਨ ਕਿ ਉਸ ਵੰਡ ਨੇ ਕਿੰਨੀਆਂ ਜ਼ਿੰਦਗੀਆਂ ਨੂੰ ਵੰਡ ਦਿੱਤਾ ਸੀ।










RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN LAW GROUP INC.

# Ghuman Law Group

ਤੁਹਾਡੇ ਲਈ ਲੈ ਕੇ ਆਏ ਨੇ

## AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ




**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**

**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702



ਬਰਜਿੰਦਰ ਕੌਰ ਬਿਸਰਾਓ
99889-01324

# ਸਿਆਸੀ ਹੇਰ ਫੇਰ ਅਤੇ ਆਮ ਜਨਤਾ

ਵੋਟਾਂ ਨੇੜੇ ਆਉਂਦੇ ਹੀ ਸਿਆਸਤ ਗਰਮਾ ਜਾਂਦੀ ਹੈ। ਪੰਜਾਬ ਦੀ ਸਿਆਸਤ ਅੱਜ ਕਈ ਵਰਗਾਂ ਵਿੱਚ ਵੰਡੀ ਹੋਈ ਹੈ। ਧਰਮਾਂ, ਨਸਲਾਂ ਅਤੇ ਜ਼ਾਤਾਂ ਪਾਤਾਂ ਦੇ ਨਾਂ ਤੇ ਸਿਆਸੀ ਨੇਤਾਵਾਂ ਵੱਲੋਂ ਖ਼ੂਬ ਲਾਹੇ ਉਠਾਏ ਜਾ ਰਹੇ ਹਨ। ਕਹਿਣ ਨੂੰ ਤਾਂ ਸਾਡੇ ਦੇਸ਼ ਵਿੱਚ ਅਨੇਕਤਾ ਵਿੱਚ ਏਕਤਾ ਹੈ ਕਿਉਂਕਿ ਅਸੀਂ ਲੋਕਤੰਤਰਿਕ ਦੇਸ਼ ਦੇ ਵਾਸੀ ਹਾਂ ਪਰ ਇਸ ਅਨੇਕਤਾ ਵਿੱਚ ਹਜੇ ਵੀ ਅਨੇਕਤਾ ਹੈ,ਇਸ ਪੱਖ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ ਕਿਉਂ ਕਿ ਕਿਵੇਂ ਨਾ ਕਿਵੇਂ ਇਹਨਾਂ ਪੱਖਾਂ ਤੋਂ ਵੱਖ ਵੱਖ ਵਰਗਾਂ ਨੂੰ ਸਿਆਸੀ ਹਥਕੰਡੇ ਬਣਾ ਕੇ ਆਖ਼ਰ ਵਰਤ ਹੀ ਲਿਆ ਜਾਂਦਾ ਹੈ। ਕਿਸੇ ਵਰਗ ਨੂੰ ਕੋਈ ਲਾਹਾ ਦੇ ਕੇ ਤੇ ਕਿਸੇ ਵਰਗ ਨੂੰ ਕੋਈ ਲਾਲਚ ਦੇ ਕੇ ਵੱਖ ਵੱਖ ਵਰਗਾਂ ਨੂੰ ਖੁਸ਼ ਕਰਨ ਲਈ ਸਿਆਸੀ ਪਾਰਟੀਆਂ ਵੱਲੋਂ ਖ਼ੂਬ ਜ਼ੋਰ ਲਗਾਇਆ ਜਾਂਦਾ ਹੈ । ਉਹਨਾਂ ਵੱਲੋਂ ਪਹਿਲਾਂ ਤਾਂ ਧਾਰਮਿਕ ਵਰਗੀਕਰਨ ਕੀਤਾ ਜਾਂਦਾ ਹੈ ਤੇ ਫਿਰ ਅਗਾਂਹ ਉਹਨਾਂ ਲੋਕਾਂ ਨੂੰ ਜਾਤੀਵਾਦ ਦੇ ਵਖਰੇਵੇਂ ਵਿੱਚ ਫਸਾ ਕੇ ਉਹਨਾਂ ਤੇ ਸਿਆਸਤਾਂ ਕਰਨ ਦਾ ਵਲ ਫੇਰ ਕਰਨਾ ਸਾਡੀਆਂ ਸਿਆਸੀ ਪਾਰਟੀਆਂ ਚੰਗੀ ਤਰ੍ਹਾਂ ਜਾਣਦੀਆਂ ਹਨ। ਇਸ ਤੋਂ ਵੀ ਉੱਪਰ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਵੋਟ ਬੈਂਕ ਪੱਕਾ ਕਰਨ ਲਈ ਜਿਹੜੀਆਂ ਸੰਸਥਾਵਾਂ ਜਾਂ ਡੇਰਿਆਂ ਨਾਲ਼ ਵੱਧ ਤੋਂ ਵੱਧ ਲੋਕ ਜੁੜੇ ਹੋਏ ਹੁੰਦੇ ਹਨ ਉਹਨਾਂ ਅੱਗੇ ਗੋਡੇ ਟੇਕ ਦਿੱਤੇ ਜਾਂਦੇ ਹਨ ਚਾਹੇ ਉਸ ਦਾ ਪਿਛੋਕੜ ਜਾਂ ਵਰਤਮਾਨ ਬਦਨਾਮ ਹੀ ਕਿਉਂ ਨਾ ਹੋਵੇ। ਇਸ ਤਰ੍ਹਾਂ ਸਾਡੀਆਂ ਸਿਆਸੀ ਪਾਰਟੀਆਂ ਨੂੰ ਜਿੱਤਣ ਲਈ ਇਹੋ ਜਿਹੇ ਹੱਥਕੰਡੇ ਅਪਣਾਉਂਦੇ ਆਮ ਹੀ ਵੇਖਿਆ ਜਾਂਦਾ ਹੈ। ਜਨਤਾ ਆਪ ਇਸ ਵਰਗੀਕਰਨ ਦੇ ਤਹਿਤ ਉਹਨਾਂ ਦਾ ਖੁੱਲ੍ਹ ਕੇ ਸਾਥ ਦਿੰਦੀ ਹੈ। ਇਸ ਤਰ੍ਹਾਂ ਆਮ ਜਨਤਾ ਦੀ ਮਾਨਸਿਕਤਾ ਵਿੱਚ ਇਹ ਵਰਗੀਕਰਨ ਉਤਰ ਚੁੱਕਿਆ ਹੈ। ਇਸ ਲਈ ਸਹੀ ਉਮੀਦਵਾਰ ਚੁਣਨ ਜਾਂ ਨਾ ਚੁਣਨ ਲਈ ਸਿੱਧੇ ਤੌਰ ਤੇ ਜਨਤਾ ਜ਼ਿੰਮੇਵਾਰ ਹੁੰਦੀ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਇੱਥੋਂ ਦੀ ਜਨਤਾ ਨੂੰ ਮੁੱਦਿਆਂ ਤੋਂ ਭਟਕਾ ਕੇ ਉਹਨਾਂ ਦਾ ਧਿਆਨ ਹੋਰ ਪਾਸੇ ਖਿੱਚਦੀਆਂ ਹਨ। ਜਨਤਾ ਨੂੰ ਚੰਗੀ ਤਰ੍ਹਾਂ ਬੇਵਕੂਫ਼ ਬਣਾਇਆ ਜਾਂਦਾ ਹੈ। ਵੋਟਾਂ ਨੇੜੇ ਆਂਉਂਦੇ ਹੀ ਸਿਆਸੀ ਗਲਿਆਰਿਆਂ ਵਿੱਚ ਹਿਲਜੁਲ ਐਨੀ ਤੇਜ਼ ਹੋ ਜਾਂਦੀ ਹੈ ਕਿ ਸਿਆਸੀ ਪਾਰਟੀਆਂ ਵਿੱਚ ਭੰਨ ਤੋੜ ਤੇ ਫਿਰ ਤੋੜ ਜੋੜ,ਦਲ ਬਦਲੂਆਂ ਦੀ ਚਾਂਦੀ ਹੋਣ ਲੱਗਦੀ ਹੈ, ਖ਼ਰੀਦੋ ਫਰੋਖਤ ਦੀ ਮੰਡੀ ਵਿੱਚ ਜਿੱਧਰੋਂ ਜ਼ਿਆਦਾ ਮੁੱਲ ਮਿਲ਼ਦਾ ਹੈ ਓਧਰ ਨੇਤਾ ਵਿਕ ਜਾਂਦੇ ਹਨ। ਆਮ ਜਨਤਾ ਉਸੇ ਵਿਕੇ ਹੋਏ ਬੰਦੇ ਨੂੰ ਪਹਿਲਾਂ ਜੇ ਹਰਾ ਰਹੀ ਹੁੰਦੀ ਹੈ ਤਾਂ ਉਸੇ ਨੂੰ ਦੂਜੀ ਪਾਰਟੀ ਵਿੱਚ ਜਤਾ ਦਿੰਦੀ ਹੈ। ਇਹ ਤਾਂ ਜਨਤਾ ਨੂੰ ਆਪ ਹੀ ਸੋਚਣਾ ਪਵੇਗਾ ਕਿ ਜਿਹੜਾ ਇਨਸਾਨ ਚੰਦ ਛਿੱਲੜਾਂ ਲਈ ਵਿਕ ਸਕਦਾ ਹੈ ਜਾਂ ਕਿਸੇ ਵੀ ਲਾਲਚਵੱਸ ਦੂਜੀ ਪਾਰਟੀ ਵਿੱਚ ਜਾ ਰਿਹਾ ਹੈ ਉਹ ਤੁਹਾਡਾ ਕਿੰਨਾ ਕੁ ਸਕਾ ਬਣ ਕੇ ਤੁਹਾਡੇ ਲਈ ਵਿਕਾਸ ਕਰੇਗਾ। ਇਹ ਫੈਸਲਾ ਵੀ ਆਮ ਜਨਤਾ ਦੇ ਹੀ ਹੱਥ ਹੁੰਦਾ ਹੈ ਫਿਰ ਚੁਣੀਆਂ ਹੋਈਆਂ ਸਰਕਾਰਾਂ ਦਾ ਕਸੂਰ ਕੱਢਣ ਦੀ ਥਾਂ ਆਪਣੇ ਆਪ ਨੂੰ ਖੋਜਣਾ ਪੈਣਾ ਹੈ। ਜਿੱਥੇ ਵੋਟਰ ਇੱਕ ਸ਼ਰਾਬ ਦੀ ਬੋਤਲ ਜਾਂ ਕੁਝ ਕੁ ਰੁਪਈਆਂ ਦੇ ਲਾਲਚ ਵਿੱਚ ਵੋਟ ਪਾਉਣ ਉੱਥੇ ਸਿਆਸੀ ਪਾਰਟੀਆਂ ਨਾਲੋਂ ਵੱਧ ਕਸੂਰਵਾਰ ਇਹੋ ਜਿਹੇ ਲੋਕ ਹੀ ਹੁੰਦੇ ਹਨ।ਸਰਕਾਰਾਂ ਬਣਨ ਤੋਂ ਬਾਅਦ ਜਨਤਾ ਇਸ ਗੱਲ ਦਾ ਨਿਰੀਖਣ ਕਿਉਂ ਨਹੀਂ ਕਰਦੀ ਕਿ ਜਿਹੜੀ ਪਾਰਟੀ ਦੀਆਂ ਨੀਤੀਆਂ ਨੂੰ ਮੁੱਖ ਰੱਖ ਕੇ ਉਸ ਨੂੰ ਚੁਣ ਕੇ ਤਖ਼ਤ ਤੇ ਬਿਠਾਇਆ ਹੈ,ਕੀ ਉਹ ਉਹਨਾਂ ਤੇ ਖ਼ਰੀ ਉਤਰ ਰਹੀ ਹੈ? ਜਿਹੜੇ ਦੋਸ਼ ਉਹ ਪਿਛਲੀਆਂ ਸਰਕਾਰਾਂ ਤੇ ਲਗਾ ਰਹੇ ਹੁੰਦੇ ਹਨ ਕਿਤੇ ਤਖ਼ਤ ਤੇ ਬੈਠਦੇ ਹੀ ਉਹ ਆਪ ਉਹਨਾਂ ਨੂੰ ਦੁਹਰਾ ਤਾਂ ਨਹੀਂ ਰਹੇ ਹੁੰਦੇ? ਜਿਹੜੀ ਫਜ਼ੂਲ ਖਰਚੀ ਦੇ ਰੋਣੇ ਰੋ ਰੋ ਕੇ ਜਨਤਾ ਦੇ ਹਿਤੈਸ਼ੀ ਬਣ ਕੇ ਵੋਟਾਂ ਮੰਗੀਆਂ ਸਨ ਕੀ ਉਹ ਫਜ਼ੂਲ ਖਰਚੀਆਂ ਬੰਦ ਹੋ ਗਈਆਂ ਹਨ ਜਾਂ ਤਖ਼ਤ ਤੇ ਬੈਠਦੇ ਹੀ ਦੁੱਗਣੀਆਂ ਹੋ ਗਈਆਂ ਹੁੰਦੀਆਂ ਹਨ,ਇਹ ਤਾਂ ਸਭ ਕੁਝ ਜਨਤਾ ਨੂੰ ਵਿਖਾਈ ਦੇ ਹੀ ਰਿਹਾ ਹੁੰਦਾ ਹੈ। ਜਿਹੜੇ ਵਾਅਦੇ ਅਤੇ ਦਾਅਵੇ ਉਹਨਾਂ ਨਾਲ਼ ਕੀਤੇ ਸਨ ਉਹ ਪੂਰੇ ਕਰ ਦਿੱਤੇ ਹਨ ਜਾਂ ਨਹੀਂ ਇਸ ਸਭ ਦਾ ਨਿਰੀਖਣ ਕਰਨ ਵਾਲੀ ਜਨਤਾ ਆਪ ਹੁੰਦੀ ਹੈ।

ਮੁੱਕਦੀ ਗੱਲ ਇਹ ਹੈ ਕਿ ਜਦ ਵੋਟਾਂ ਪਾ ਕੇ ਸਰਕਾਰਾਂ ਲਈ ਨੁਮਾਇੰਦੇ ਚੁਣਨ ਦੀ ਤਾਕਤ ਜਨਤਾ ਦੇ ਹੱਥ ਵਿੱਚ ਹੈ ਫਿਰ ਜਨਤਾ ਆਪਣੇ ਆਪ ਨੂੰ ਬੇਵੱਸ ਕਿਉਂ ਸਮਝਦੀ ਹੈ , ਕਿਉਂ ਜਨਤਾ ਸਰਕਸ ਵੇਖਣ ਵਾਲੇ ਮੂਕ ਦਰਸ਼ਕਾਂ ਵਾਂਗ ਬੈਠ ਕੇ ਉਹਨਾਂ ਦੀਆਂ ਇੱਕ ਦੂਜੇ ਨੂੰ ਚੁਣੌਤੀਆਂ ਦੇ ਕੇ ਟਾਈਮ ਬੰਨ੍ਹ ਕੇ ਹੋਣ ਵਾਲੀਆਂ ਜੰਗਾਂ ਦਾ, ਟਵਿੱਟਰ ਤੇ ਸ਼ਬਦੀ ਜੰਗਾਂ ਦਾ ਆਨੰਦ ਮਾਣਦੀ ਹੈ? ਉਹ ਸਰਕਾਰਾਂ ਜਾਂ ਸਿਆਸੀ ਪਾਰਟੀਆਂ ਤੋਂ ਇਹਨਾਂ ਗੱਲਾਂ ਦੇ ਆਮ ਜਨਤਾ ਲਈ ਹੋਣ ਵਾਲੇ ਫਾਇਦੇ ਬਾਰੇ ਪੁੱਛਣ ਜਾਂ ਫਿਰ ਇੱਕ ਚੰਗੀ ਸਟੰਟ ਫ਼ਿਲਮ ਜਾਂ ਸੱਸ ਬਹੂ ਦੇ ਸੀਰੀਅਲ ਵਾਂਗ ਆਨੰਦ ਮਾਣਦੇ ਹੋਏ ਆਪਣੇ ਆਪਣੇ ਪਸੰਦੀਦਾ ਕਿਰਦਾਰ ਦਾ ਪੱਖ ਰੱਖ ਕੇ ਆਪਣੇ ਆਪਣੇ ਕੰਮਾਂ ਕਾਜਾਂ ਵਿੱਚੋਂ ਸਮਾਂ ਦਾਨ ਦੇ ਕੇ ਘਰਾਂ ਵਿੱਚ ਟੀ ਵੀ ਮੂਹਰੇ ਬੈਠ ਕੇ ਮਨੋਰੰਜਨ ਕਰਨ...ਇਹ ਸਭ ਜਨਤਾ ਦੇ ਹੱਥ ਵਿੱਚ ਹੈ। ਜਨਤਾ ਦੀਆਂ ਚੁਣੀਆਂ ਸਰਕਾਰਾਂ ਵਿੱਚੋਂ ਨੁਕਸ ਵੀ ਜਨਤਾ ਹੀ ਕੱਢਦੀ ਹੈ,ਜਦ ਤੱਕ ਜਨਤਾ ਆਪਣੇ ਆਪਣੇ ਚੁਣੇ ਨੁਮਾਇੰਦਿਆਂ ਤੋਂ ਕੀਤੇ ਕੰਮਾਂ ਦਾ ਲੇਖਾ ਜੋਖਾ ਨਹੀਂ ਮੰਗੇਗੀ ਉਦੋਂ ਤੱਕ ਜਨਤਾ ਨਾਲ ਸਿਆਸੀ ਹੇਰ ਫੇਰ ਹੁੰਦੇ ਰਹਿਣਗੇ।

Now Open New Banquet Hall in Sacramento
For more info: Contact Paul : (916)334-6000




ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307





ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

**ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ**

**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਮੈਂ ਤੇਰੀ ਭੈਣ ਤੇ ਵੀਰਾ ਮੇਰਾ ਤੂੰ

ਕੂੱਕ-ਡੂਕ ਡੂੰ... ! ਵੇ...'ਕੂੱਕੂ'
ਮੈਂ ਤੇਰੀ ਭੈਣ ਤੇ ਵੀਰਾ ਮੇਰਾ ਤੂੰ
ਅੱਜ ਦਿਨ ਰੱਖੜੀ ਦਾ ਰੁੱਸਿਆ ਏ ਤੂੰ,
ਰੱਖੜੀ ਬਨਾ ਲੈ ਵੀਰੇ
ਜਿੱਦ ਨਈਂਓ ਕਰੀਂਦੀ,
ਰੁਸਿਆ ਨਾ ਕਰ ਐਵੇਂ,
ਐਵੇਂ ਨਈਂਓ ਲੜੀਂਦਾ,
ਪੂਰਾ ਹੱਕ ਬਣੇ ਮੇਰਾ
ਤਾਈਂਓ ਹੱਥ ਫੜੀਂਦਾ।
ਐਵੇਂ ਕਾਹਤੋਂ ਲਾਈ ਐ...?
ਮੈਨੀ-ਮੈਨੀ ਤੂੰ।
ਮੈਂ ਤੇਰੀ ਭੈਣ ਤੇ ਵੀਰਾ ਮੇਰਾ ਤੂੰ... !
ਜੇ ਤੂੰ ਸਿਹਰਾ ਬੰਨ,
ਘੋੜੀਆਂ ਮੈਂ ਗਾਵਾਂਗੀ,
ਵੀਰਾ ਤੇਰੇ ਸਿਹਰੇ ਦੀਆਂ,
ਲੜੀਆਂ ਸਜਾਵਾਂਗੀ।
ਭਾਬੋ ਰਾਣੀ ਆਈ 'ਤੇ,
ਮੈਂ ਸ਼ਗਨ ਮਨਾਵਾਂਗੀ,
ਕੁੱਟ-ਕੁੱਟ ਘਿਓ ਦੀਆਂ,
ਚੂਰੀਆਂ ਖਵਾਵਾਂਗੀ।
ਹੱਸਾਂਗੀ ਹਸਾਵਾਂਗੀ,
ਰੁੱਸੀ ਨੂੰ ਮਨਾਵਾਂਗੀ।
ਇੱਕ ਵਾਰੀ ਮੰਮੀ ਨੂੰ
ਲਿਆ ਦੇ ਵੀਰੇ ਨੂੰਹ।
ਮੈਂ ਤੇਰੀ ਭੈਣ ਤੇ ਵੀਰਾ ਮੇਰਾ ਤੂੰ... !
ਤੁਰ ਗਈ ਮੈਂ ਸੌਹਰੇ ਜਦੋਂ,
ਕੱਲਾ ਰਹਿ ਜਾਏਂਗਾ।
ਗੁੱਸਾ-ਗਿਲਾ ਕਰਨਾ
ਸਭ ਭੁੱਲ ਜਾਏਂਗਾ।
ਯਾਦ ਆਉਂਣਗੇ ਪਰਾਂਠੇ
ਜਿਹੜੇ ਲਾਹਾਂ ਉੱਠ ਤੜਕੇ,
ਭਾਬੋ ਦੀਆਂ ਪਕਾਈਆਂ
ਜਦ ਕੱਚੀਆਂ ਹੀ ਖਾਂਏਗਾ।
ਨਿੱਕੀ ਨਿੱਕੀ ਗੱਲ 'ਤੇ
ਬਣਾ ਲਵੇਂ ਮੂੰਹ...
ਮੈਂ ਤੇਰੀ ਭੈਣ 'ਤੇ ਵੀਰਾ ਮੇਰਾ ਤੂੰ... !
ਆਸਾਂ ਦੀਆਂ ਚਾਵਾਂ ਨਾਲ
ਪਰੋਈਆਂ ਨੇ ਮੈਂ ਲੜੀਆਂ,
ਹੱਸਕੇ ਮਨਾ ਲੈ ਵੀਰੇ
ਚਾਵਾਂ ਦੀਆਂ ਘੜੀਆਂ।
ਬੜੀਆਂ ਹੀ ਰੀਝਾਂ ਨਾਲ
ਉਡੀਕਾਂ ਇਸ ਦਿਨ ਨੂੰ,
ਗੁੱਟ 'ਤੇ ਸਜਾ ਲੈ ਵੀਰੇ
ਪਿਆਰ ਮੇਰੇ ਨੂੰ।
ਮੈਂ ਤੇਰੀ ਭੈਣ ਤੇ ਵੀਰਾ ਮੇਰਾ ਤੂੰ... !
ਖੇਡੇ ਬਚਪਨ ਸਾਰਾ
ਮਾਣੀਆਂ ਜਵਾਨੀਆਂ,
ਮੱਥੇ ਤੇਰੇ ਕੇਸਰ ਦਾ
ਤਿਲਕ ਲਗਾਨੀਆਂ।
ਖੁਸ਼ੀਆਂ ਦੇ ਵਿੱਚ ਲੰਘੇ,
ਇਹ ਜਿੰਦ ਗਾਨੀ ਤੇਰੀ
ਫੁੱਲਾਂ ਵਾਗੂੰ ਖਿੜਿਆ
ਰਹੇ ਤੇਰਾ ਲੂੰ ਲੂੰ
"ਵੇ ਕੂੱਕੂ, ਮੈਂ ਤੇਰੀ ਭੈਣ 'ਤੇ
ਵੀਰਾ ਮੇਰਾ ਤੂੰ.. !



SANJHI SOCH
ਰਫ਼ਪਾਲ ਸਿੰਘ ਰੈਸਲ
ਹਰੀਦਾਸ ਕਲੋਨੀ
ਨਾਭਾ (ਪਟਿਆਲਾ)
94178-97576

# ਤੂੰ ਰਾਤੀਂ ਮਿਲੀਂ...

ਤੂੰ ਰਾਤੀਂ ਆਵੀਂ, ਰਾਤੀਂ ਮਿਲੀਂ,
ਦਿਨੇ ਤਾਂ ਲੋਕਾਂ ਦਾ ਮੇਲਾ ਏ।
ਮੇਰੀ ਰੂਹ ਦਾ ਬੂਹਾ ਖੁੱਲ੍ਹਦਾ ਉਦੋਂ
ਜਦ ਚਿੱਟਾ ਚੰਨ ਤੇ ਚੁੱਪ ਦਾ ਵੇਲਾ ਏ।
ਦਿਨ ਭਰ ਮੈਂ ਹੱਸਦਾ ਫਿਰਦਾ ਰਹਿੰਦਾ
ਪਰ ਰਾਤੀ ਅੰਦਰ ਸਾਂਹਾਂ ਰੋਂਦੀਆਂ ਨੇ।
ਰਾਤ ਪਈ ਮੈਨੂੰ ਆਪਣੇ ਹੀ ਕੋਲੋਂ ,
ਆਪਣੀਆਂ ਹੀ ਗੱਲਾਂ ਸੁਣਦੀਆਂ ਨੇ।
ਹਨੇਰੇ ਮੇਰੇ ਹਮਰਾਹ ਬਣੇ ਨੇ
ਤੇ ਤਾਰੇ ਮੇਰਾ ਹਾਲ ਪੁੱਛਦੇ ਨੇ ।
ਦਿਨ ਦੇ ਰਿਸ਼ਤੇ ਸਾਰੇ ਝੂਠੇ ਨੇ
ਤੇ ਰਾਤ ਦੇ ਤਾਰੇ ਸੱਚੇ ਲੱਗਦੇ ਨੇ ।
ਤੂੰ ਰਾਤੀਂ ਮਿਲੀਂ ਮੇਰੇ ਯਾਰਾ,
ਮੈਂ ਆਪਣੇ ਆਪ ਨੂੰ ਓਥੇ ਮਿਲਦਾ ਹਾਂ
ਜਿੱਥੇ ਚੁੱਪ ਮੇਰੇ ਨਾਲ ਰੋ ਪੈਂਦੀ ਏ,
ਜਦੋਂ ਮੈਂ ਆਪਣੇ ਦਰਦ ਨੂੰ ਲਿਖਦਾ ਹਾਂ
ਹੁਣ ਜਾਮ ਨਾਲ ਹੀ ਗੱਲਾਂ ਹੁੰਦੀਆਂ ਨੇ
ਸ਼ਰਾਬ ਮੇਰੀ ਹਮਰਾਜ਼ ਬਣ ਗਈ ਏ,
ਹਰ ਘੁਟ ਵਿੱਚ ਇੱਕ ਯਾਦ ਡੁੱਬ ਜਾਂਦੀ
ਹਰ ਬੋਤਲ ਮੇਰੀ ਆਵਾਜ਼ ਬਣ ਗਈ ਏ,
ਧੋਖੇ ਦੀ ਕੀਮਤ ਦਿਲ ਨੇ ਭਰੀ ਸੀ
ਹਾਸੇ ਸਾਰੇ ਉਧਾਰ ਹੋ ਗਏ ਨੇ
ਜਿਨ੍ਹਾਂ ਲਈ ਅਸੀਂ ਜਾਨ ਲੁਟਾਈ ਸੀ
ਓਹੀ ਸਾਡੇ ਗੁਨਾਹਗਾਰ ਹੋ ਗਏ ਨੇ ।
ਹੁਣ ਨਾ ਸ਼ਿਕਵਾ ਕਿਸੇ ਦੇ ਨਾਲ ਏ,
ਨਾ ਕੋਈ ਗਿਲਾ ਤਕਦੀਰ ਨਾਲ ਏ
ਬਸ ਰਾਤ, ਜਾਮ ਤੇ ਇਕੱਲਾਪਣ ਏ,
ਰਿਸ਼ਤਾ ਇਹੀ ਬਚਿਆ ਮੇਰੇ ਨਾਲ ਏ
ਤੂੰ ਰਾਤੀਂ ਹੀ ਆਵੀਂ ਮੇਰੇ ਯਾਰਾ...
ਦਿਨ ਵੇਲੇ ਮੈਂ ਦੁਨੀਆ ਦਾ ਹੋ ਜਾਂਦਾ ਹਾਂ,।
ਪਰ ਰਾਤ ਨੂੰ ਜਾਮ ਹੱਥ ਵਿੱਚ ਫੜ ਕੇ,
ਮੈਂ ਆਪਣੇ ਟੁੱਟੇ ਦਿਲ ਨੂੰ ਮਨਾਉਂਦਾ ਹਾਂ।



ਸਾਂਝੀ ਸੋਚ
ਰੋਹਿਤ ਵਰਮਾ
7837479803

LARRY T. NIERMEYER



Attorney at Law

OFFERING SERVICES IN THE FOLLOWING AREAS



1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation



PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

# HOMEOPATHIC NATURAL MEDICINES

## When Tired of All Treatments, For any Disease, at any Age Try Alternative Treatment

**Safe and Effective Medicines without any Side Effects**



**GURDIP S SANDHU**




**Consultant/Physician Since 1973 DHMS-Gold Medalist, BAMS, MDEH Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# SANJHI SOCH TV & DAILY NEWSPAPER




## TO EXPAND YOUR BUSINESS IN INDIAN COMMUNITY

Through Newspaper & T.V, Advertise with us just as low as **$100 PER MONTH.**

**Call +1 (209) 303-1260**

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਓ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com | Sanjhi Soch TV NRI



# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

**ਸੰਪਰਕ: +1 (209) 303-1260**